ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20* Issue 187 | Thursday, September 23, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6




JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਓਨਟਾਰੀਓ ਵਿੱਚ ਨਵਾਂ ਵੈਕਸੀਨ ਸਰਟੀਫਿਕੇਟ ਸਿਸਟਮ ਹੋਇਆ ਲਾਗੂ

ਰੈਸਟੋਰੈਂਟਸ, ਬਾਰਜ਼ ਤੇ ਜਿੰਮਜ਼ ਜਾਣ ਤੋਂ ਪਹਿਲਾਂ ਵਿਖਾਉਣਾ ਹੋਵੇਗਾ ਵੈਕਸੀਨੇਸ਼ਨ ਦਾ ਸਬੂਤ

ਓਨਟਾਰੀਓ, 22 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਦਾ ਨਵਾਂ ਵੈਕਸੀਨ ਸਰਟੀਫਿਕੇਟ ਸਿਸਟਮ ਹੁਣ ਲਾਗੂ ਹੋ ਚੁੱਕਿਆ ਹੈ।

ਹੁਣ ਸਥਾਨਕ ਵਾਸੀਆਂ ਨੂੰ ਇੰਡੋਰ ਰੈਸਟੋਰੈਂਟਸ, ਨਾਈਟਕਲੱਬਜ਼ ( ਆਊਟਡੋਰ ਤੇ ਇੰਡੋਰ ), ਮੂਵੀ ਥਿਏਟਰਜ਼, ਜਿੰਮਜ਼ ਤੇ ਕੰਸਰਟ ਵੈਨਿਊਜ਼ ਵਿੱਚ ਦਾਖਲ ਹੋਣ ਸਮੇਂ ਇਹ ਸਬੂਤ ਦੇਣਾ ਹੋਵੇਗਾ ਕਿ ਉਹ ਕੋਵਿਡ-19 ਖਿਲਾਫ ਪੂਰੀ ਤਰ੍ਹਾਂ ਵੈਕਸੀਨੇਟਿਡ ਹਨ। ਇਨ੍ਹਾਂ ਥਾਂਵਾਂ ਉੱਤੇ ਦਾਖਲ ਹੋਣ ਸਮੇਂ ਲੋਕਾਂ ਨੂੰ ਆਪਣੀ ਦੂਜੀ ਡੋਜ਼ ਦਾ ਸਬੂਤ ਦੇਣਾ ਹੋਵੇਗਾ ਤੇ ਇਸ ਦੇ ਨਾਲ ਹੀ ਸਰਕਾਰੀ ਆਈਡੈਂਟੀਫਿਕੇਸ਼ਨ ਵਿਖਾਉਣ ਦੀ ਵੀ ਲੋੜ ਪਵੇਗੀ। ਆਇਡੈਂਟੀਫਿਕੇਸ਼ਨ ਵਿੱਚ ਬਰਥ ਸਰਟੀਫਿਕੇਟ, ਸਿਟੀਜ਼ਨਸ਼ਿਪ ਕਾਰਡ , ਡਰਾਈਵਰਜ਼ ਲਾਇਸੰਸ, ਓਨਟਾਰੀਓ ਹੈਲਥ ਕਾਰਡ, ਇੰਡੀਜੀਨਸ ਮੈਂਬਰਸ਼ਿਪ ਕਾਰਡ, ਪਾਸ-



ਪੋਰਟ, ਜਾਂ ਪਰਮਾਨੈਂਟ ਰੈਜ਼ੀਡੈਂਸ ਕਾਰਡ ਆਦਿ ਸ਼ਾਮਲ ਹਨ।

ਮੈਡੀਕਲ ਛੋਟ ਲਈ ਡਾਕਟਰਾਂ ਵੱਲੋਂ ਜਾਰੀ ਨੋਟਸ ਵੀ ਸਵੀਕਾਰੇ ਜਾਣਗੇ। ਇਸ ਵੈਕਸੀਨ ਸਰਟੀਫਿਕੇਟ ਸਿਸਟਮ ਤੋਂ 12 ਸਾਲ ਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਛੋਟ ਦਿੱਤੀ ਗਈ ਹੈ। ਇਹ ਨਵਾਂ ਸਿਸਟਮ ਗਰੌਸਰੀ ਸਟੋਰਜ਼ ਜਾਂ ਫਾਰਮੇਸੀਜ਼ ਉੱਤੇ ਲਾਗੂ ਨਹੀਂ ਹੋਵੇਗਾ।

...ਬਾਕੀ ਪੰਨਾ 5 'ਤੇ

## ਲਾਕਡਾਊਨ ਤੋਂ ਬਚਣ ਦਾ ਸੱਭ ਤੋਂ ਵਧੀਆ ਰਾਹ ਹਨ ਵੈਕਸੀਨ ਪਾਸਪੋਰਟ : ਫੋਰਡ

ਟੋਰਾਂਟੋ, 22 ਸਤੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਕੋਵਿਡ-19 ਵੈਕਸੀਨ ਸਰਟੀਫਿਕੇਟਸ ਲਾਂਚ ਕੀਤੇ ਜਾਣ ਨੂੰ ਸਹੀ ਕਦਮ ਦੱਸਦਿਆਂ ਆਖਿਆ ਕਿ ਇਹ ਸਿਸਟਮ ਪ੍ਰੋਵਿੰਸ ਨੂੰ ਇੱਕ ਹੋਰ ਲਾਕਡਾਊਨ ਵਿੱਚ ਦਾਖਲ ਹੋਣ ਤੋਂ ਰੋਕੇਗਾ।



ਵੈਕਸੀਨ ਸਰਟੀਫਿਕੇਟ ਸਿਸਟਮ ਲਾਗੂ ਹੋਣ ਤੋਂ ਕੁੱਝ ਘੰਟੇ ਬਾਅਦ ਹੀ ਬੁੱਧਵਾਰ ਸਵੇਰੇ ਇੱਕ ਨਿਊਜ਼ ਕਾਨਫਰੰਸ ਦੌਰਾਨ ਪ੍ਰੀਮੀਅਰ ਫੋਰਡ ਨੇ ਆਖਿਆ ਕਿ ਇਹ ਸਰਟੀਫਿਕੇਟ ਆਰਜ਼ੀ ਪਰ ਬਿਮਾਰੀ ਨਾਲ ਨਜਿੱਠਣ ਲਈ ਅਹਿਮ ਮਾਪਦੰਡ ਹਨ। ਓਨਟਾਰੀਓ ਦੇ ਨਵੇਂ ਵੈਕਸੀਨ ਸਰਟੀਫਿਕੇਟ ਸਿਸਟਮ ਤਹਿਤ ਲੋਕਾਂ ਨੂੰ ਰੈਸਟੋਰੈਂਟਸ, ਨਾਈਟਕਲੱਬਜ਼, ਸਿਨੇਮਾਜ਼, ਜਿੰਮਜ਼, ਸਪੋਰਟਸ ਫੈਸਿਲਿਟੀਜ਼ ਤੇ ਹੋਰਨਾਂ ਥਾਂਵਾਂ ਉੱਤੇ ਆਪਣੀ ਪੂਰੀ ਵੈਕਸੀਨੇਸ਼ਨ ਦਾ ਸਬੂਤ ਦੇਣਾ ਹੋਵੇਗਾ ਤੇ ਇਸ ਦੇ ਨਾਲ ਹੀ ਸਰਕਾਰੀ ਆਈਡੈਂਟੀਫਿਕੇਸ਼ਨ ਵੀ ਮੁਹੱਈਆ ਕਰਵਾਉਣੀ ਹੋਵੇਗੀ।

ਫੋਰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਹ ਸਰਟੀਫਿਕੇਟ ਸਾਡੇ ਲਈ ਇਸ ਮਹਾਂਮਾਰੀ ਤੋਂ ਹਮੇਸ਼ਾਂ ਲਈ ਖਹਿੜਾ ਛੁਡਵਾਉਣ ਦਾ ਬਿਹਤਰ ਮੌਕਾ ਹੈ। ਇਸ ਦੇ ਨਾਲ ਹੀ ਉਨ੍ਹਾਂ ਆਖਿਆ ਕਿ ਇਹ ਆਰਜ਼ੀ ਤੇ ਵਿਲੱਖਣ ਮਾਪਦੰਡ ਹਨ। ਸਾਨੂੰ ਇਨ੍ਹਾਂ ਸਰਟੀਫਿਕੇਟਸ ਦੀ ਵਰਤੋਂ ਦੀ ਸਾਰਾ ਦਿਨ ਨਹੀਂ ਸਗੋਂ ਕਦੇ ਹੀ ਲੋੜ ਪਵੇਗੀ। ਓਨਟਾਰੀਓ ਵਿੱਚ 12 ਸਾਲ ਤੇ ਇਸ ਤੋਂ ਵੱਧ ਉਮਰ ਦੇ 85 ਫੀ ਸਦੀ ਲੋਕਾਂ ਨੂੰ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲੱਗੀ ਹੋਈ ਹੈ ਤੇ 79 ਫੀ ਸਦੀ ਆਬਾਦੀ ਨੂੰ ਦੋਵੇਂ ਡੋਜ਼ਾਂ ਲੱਗੀਆਂ ਹੋਈਆਂ ਹਨ।

ਫੋਰਡ ਨੇ ਮੰਨਿਆ ਕਿ ਪਹਿਲਾਂ ਉਹ ਇਸ ਸਰਟੀਫਿਕੇਟ ਸਬੰਧੀ ਮਾਪਦੰਡਾਂ ਨੂੰ ਲਾਗੂ ਕਰਨ ਤੋਂ ਹਿਚਕਿਚਾ ਰਹੇ ਸਨ ਪਰ ਉਨ੍ਹਾਂ ਆਖਿਆ ਕਿ ਸਿਹਤ ਮਾਹਿਰਾਂ ਤੇ ਪ੍ਰੋਵਿੰਸ ਦੇ ਮੈਡੀਕਲ ਆਫੀਸਰ ਆਫ ਹੈਲਥ ਨੇ ਉਨ੍ਹਾਂ ਨੂੰ ਇਹ ਕਦਮ ਚੁੱਕਣ ਲਈ ਰਾਜ਼ੀ ਕੀਤਾ। ਉਨ੍ਹਾਂ ਆਖਿਆ ਕਿ ਅਸੀਂ ਇੱਕ ਹੋਰ ਲਾਕਡਾਊਨ ਬਰਦਾਸ਼ਤ ਨਹੀਂ ਕਰ ਸਕਦੇ। ਫੋਰਡ ਨੇ ਆਖਿਆ ਕਿ ਜਿਹੜੇ ਕਾਰੋਬਾਰੀ ਅਦਾਰੇ ਤੇ ਲੋਕ ਇਸ ਸਰਟੀਫਿਕੇਟ ਪ੍ਰੋਗਰਾਮ ਨੂੰ ਨਹੀਂ ਮੰਨਣਗੇ ਤੇ ਜਿਹੜੇ ਝੂਠੀ ਜਾਣਕਾਰੀ ਦੇਣਗੇ ਉਨ੍ਹਾਂ ਨੂੰ ਜੁਰਮਾਨਾ ਹੋਵੇਗਾ।

## ਅਗਲੇ ਹਫਤੇ ਤੋਂ ਭਾਰਤ ਤੋਂ ਆਉਣ ਵਾਲੀਆਂ ਸਿੱਧੀਆਂ ਉਡਾਨਾਂ ਉੱਤੇ ਲੱਗੀ ਪਾਬੰਦੀ ਹਟਾਵੇਗਾ ਕੈਨੇਡਾ

### ਕੋਵਿਡ-19 ਸਬੰਧੀ ਨਵੀਆਂ ਸਕਰੀਨਿੰਗ ਪ੍ਰੋਟੋਕਾਲਜ਼ ਹੋਣਗੀਆਂ ਲਾਗੂ

ਓਟਵਾ, 22 ਸਤੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਅਗਲੇ ਹਫਤੇ ਤੋਂ ਭਾਰਤ ਤੋਂ ਆਉਣ ਵਾਲੀਆਂ ਸਿੱਧੀਆਂ ਉਡਾਨਾਂ ਤੋਂ ਕਈ ਮਹੀਨਿਆਂ ਤੋਂ ਜਾਰੀ ਪਾਬੰਦੀ ਹਟਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪਰ ਇਹ ਸੱਭ ਕੋਵਿਡ-19 ਸਬੰਧੀ ਨਵੀਆਂ ਸਕਰੀਨਿੰਗ ਪ੍ਰੋਟੋਕਾਲਜ਼ ਲਾਗੂ ਹੋਣ ਤੋਂ ਬਾਅਦ ਹੀ ਸੰਭਵ ਹੋਵੇਗਾ।


ਮੰਗਲਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਟਰਾਂਸਪੋਰਟ ਕੈਨੇਡਾ ਨੇ ਆਖਿਆ ਕਿ ਮੌਜੂਦਾ ਪਾਬੰਦੀਆਂ ਵਿੱਚ 26 ਸਤੰਬਰ ਤੱਕ



ਰਾਤ ਦੇ 11:59 ਵਜੇ ਤੱਕ ਵਾਧਾ ਕੀਤਾ ਜਾਵੇਗਾ। ਵੈਸੇ ਵੀ ਇਹ ਪਾਬੰਦੀਆਂ ਉਸੇ ਦਿਨ ਹੀ ਖਤਮ ਹੋਣ ਜਾ ਰਹੀਆਂ ਸਨ। ...ਬਾਕੀ ਪੰਨਾ 5 'ਤੇ

## ਅਜੇ ਵੀ ਵੋਟਾਂ ਗਿਣੇ ਜਾਣ ਕਾਰਨ ਕਈ ਹਲਕਿਆਂ ਉੱਤੇ ਨਹੀਂ ਹੋਇਆ ਜਿੱਤ ਹਾਰ ਦਾ ਫੈਸਲਾ

ਟੋਰਾਂਟੋ, 22 ਸਤੰਬਰ (ਪੋਸਟ ਬਿਊਰੋ) : ਚੋਣਾਂ ਵਾਲੀ ਰਾਤ ਨੂੰ ਕੈਨੇਡੀਅਨਜ਼ ਨੂੰ




ਭਾਵੇਂ ਇਹ ਪਤਾ ਲਾਉਣ ਵਿੱਚ ਕੋਈ ਬਹੁਤਾ ਸਮਾਂ ਨਹੀਂ ਲੱਗਿਆ ਕਿ ਅਗਲੀ ਸਰਕਾਰ ਦੀ ਅਗਵਾਈ ਕੌਣ ਕਰੇਗਾ ਪਰ ਕਈ ਅਜਿਹੀਆਂ ਸੀਟਾਂ ਹਨ ਜਿੱਥੋਂ ਦੇ ਨਤੀਜੇ ਅਜੇ ਐਲਾਨੇ ਨਹੀਂ ਗਏ ਹਨ। ਅਜੇ ਵੀ ਇਨ੍ਹਾਂ ਸੀਟਾਂ ਨਾਲ ਸਬੰਧਤ ਵੋਟਾਂ ਦੀ ਗਿਣਤੀ ਕੀਤੀ ਜਾ ਰਹੀ ਹੈ ਤੇ ਨਤੀਜੇ ਐਲਾਨੇ ਜਾਣ ਵਿੱਚ ਹੋਰ ਸਮਾਂ ਲੱਗ ਸਕਦਾ ਹੈ। ਬੁੱਧਵਾਰ ਸ਼ਾਮ ਤੱਕ ਨੌਂ ਸੀਟਾਂ ਅਜਿਹੀਆਂ ਸਨ ਜਿਨ੍ਹਾਂ ਉੱਤੇ ਵੋਟਾਂ ਦੀ ਗਿਣਤੀ ਜਾਰੀ ਸੀ। ਇਨ੍ਹਾਂ ਵਿੱਚ ਲਿਬਰਲ ਪੰਜ ਸੀਟਾਂ ਉੱਤੇ, ਕੰਜ਼ਰਵੇਟਿਵ ਇੱਕ ਸੀਟ ਉੱਤੇ, ਬਲਾਕ ਕਿਊਬਿਕੁਆ ਇੱਕ ਸੀਟ ਉੱਤੇ ਤੇ ਐਨਡੀਪੀ ਦੋ ਸੀਟਾਂ ਉੱਤੇ ਅੱਗੇ ਚੱਲ ਰਹੇ ਸਨ। ...ਬਾਕੀ ਪੰਨਾ 5 'ਤੇ


Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance • Critical illness Ins • Mortgage Insurance • Travel & Visitor Ins • Disability Insurance • RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
Disability Insurance • Mortgage Insurance • Life Insurance • Visitor Insurance • Travel Insurance • RESP(Education Plan) • Critical Illness Insurance
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor

Dubai Jewellers
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

## ਮਿਸੀਸਾਗਾ ਵਿੱਚ ਕਈ ਗੱਡੀਆਂ ਆਪਸ ਵਿੱਚ ਟਕਰਾਈਆਂ, ਛੇ ਜ਼ਖ਼ਮੀ

ਮਿਸੀਸਾਗਾ, 22 ਸਤੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਕਈ ਗੱਡੀਆਂ ਦਰਮਿਆਨ ਹੋਈ ਟੱਕਰ ਤੋਂ ਬਾਅਦ ਛੇ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਇਹ ਹਾਦਸਾ ਰਾਤੀਂ 8:30 ਵਜੇ ਡੈਰੀ ਤੇ ਟੌਮਕਨ ਰੋਡਜ਼ ਉੱਤੇ ਵਾਪਰਿਆ। ਪੀਲ ਰੀਜਨਲ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਸਾਰਿਆਂ ਨੂੰ ਹੀ ਭਾਵੇਂ ਮਾਮੂਲੀ ਸੱਟਾਂ ਲੱਗੀਆਂ ਹਨ ਪਰ ਫਿਰ ਵੀ ਇਲਾਜ ਲਈ ਸੱਭ ਨੂੰ ਹਸਪਤਾਲ ਲਿਜਾਇਆ ਗਿਆ।

ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਹਾਦਸੇ ਦਾ ਕਾਰਨ ਕੀ ਸੀ। ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਸਬੰਧ ਵਿੱਚ ਇਸ ਲਾਂਘੇ ਨੂੰ ਬੰਦ ਕਰ ਦਿੱਤਾ ਗਿਆ ਹੈ।

## ਸ਼ਨਿੱਚਰਵਾਰ ਤੋਂ ਲਾਪਤਾ ਹੈ ਮਾਰਖਮ ਦਾ ਜੋੜਾ



ਮਾਰਖਮ, 22 ਸਤੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਤੋਂ ਮਾਰਖਮ ਤੋਂ ਲਾਪਤਾ ਜੋੜੇ ਦੀ ਯੌਰਕ ਰੀਜਨਲ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਇਸ ਕੰਮ ਲਈ ਜਨਤਾ ਤੋਂ ਮਦਦ ਵੀ ਮੰਗੀ ਜਾ ਰਹੀ ਹੈ।

ਪੁਲਿਸ ਦੇ ਦੱਸਣ ਮੁਤਾਬਕ 37 ਸਾਲਾ ਕੁਓਕ ਟਰੈਨ ਤੇ 25 ਸਾਲਾ ਕ੍ਰਿਸਟੀ ਨਗੁਏਨ ਨੂੰ ਆਖਰੀ ਵਾਰੀ 18 ਸਤੰਬਰ ਨੂੰ ਵਾਰਡਨ ਐਵਨਿਊ ਅਤੇ ਹਾਈਵੇਅ 7 ਈਸਟ ਦੇ ਨੇੜੇ ਤੇੜੇ ਦੁਪਹਿਰੇ 4:50 ਉੱਤੇ ਵੇਖਿਆ ਗਿਆ। ਉਦੋਂ ਤੋਂ ਹੀ ਜਾਂਚਕਾਰ ਉਨ੍ਹਾਂ ਦੀ ਭਾਲ ਕਰਨ ਵਿੱਚ ਅਸਮਰੱਥ ਹਨ। ਦੋਵਾਂ ਵੱਲੋਂ ਆਪਣੇ ਪਰਿਵਾਰ ਨੂੰ ਸੰਪਰਕ ਨਾ ਕੀਤਾ ਜਾਣਾ ਵੀ ਉਨ੍ਹਾਂ ਦੀ ਫਿਤਰਤ ਵਿੱਚ ਸ਼ਾਮਲ ਨਹੀਂ ਹੈ। ਟਰੈਨ ਪੰਜ ਫੁੱਟ ਅੱਠ ਇੰਚ ਲੰਮਾਂ, 170 ਪਾਊਂਡ ਵਜ਼ਨੀ, ਕਾਲੇ ਵਾਲਾਂ ਵਾਲਾ ਤੇ ਭੂਰੀਆਂ ਅੱਖਾਂ ਵਾਲਾ ਏਸ਼ੀਅਨ ਮੂਲ ਦਾ ਵਿਅਕਤੀ ਦੱਸਿਆ ਜਾਂਦਾ ਹੈ। ਨਗੂਏਨ ਪੰਜ ਫੁੱਟ ਚਾਰ ਇੰਚ, 120 ਪਾਊਂਡ ਵਜ਼ਨੀ; ਕਾਲੇ ਵਾਲਾਂ ਵਾਲੀ ਤੇ ਭੂਰੀਆਂ ਅੱਖਾਂ ਵਾਲੀ ਏਸੀਅਨ ਮੂਲ ਦੀ ਮਹਿਲਾ ਹੈ।

## ਕੈਨੇਡਾ ਨੇ ਕੋਵਿਡ-19 ਵੈਕਸੀਨ ਸਪਲਾਇਰਜ਼ ਨੂੰ ਹੋਰ ਡੋਜ਼ਾਂ ਭੇਜਣ ਤੋਂ ਕੀਤਾ ਮਨ੍ਹਾ



ਓਟਵਾ, 22 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਵੈਕਸੀਨ ਦੀ ਕੈਨੇਡਾ ਨੂੰ ਕੀਤੀ ਜਾਣ ਵਾਲੀ ਡਲਿਵਰੀ ਨੂੰ ਹਾਲ ਦੀ ਘੜੀ ਰੋਕ ਦਿੱਤਾ ਗਿਆ ਹੈ ਕਿਉਂਕਿ ਪ੍ਰੋਵਿੰਸਾਂ ਕੋਲ ਪਹਿਲਾਂ ਹੀ ਵਰਤੇ ਜਾਣ ਲਈ ਕਾਫੀ ਡੋਜ਼ਾਂ ਹਨ।

ਸਤੰਬਰ ਵਿੱਚ ਕੈਨੇਡਾ ਨੂੰ ਫਾਈਜ਼ਰ-ਬਾਇਓਐਨਟੈਕ ਤੇ ਮੌਡਰਨਾ ਤੋਂ ਵੈਕਸੀਨ ਦੀਆਂ 95 ਮਿਲੀਅਨ ਡੋਜ਼ਾਂ ਮਿਲਣੀਆਂ ਸਨ ਪਰ ਬੁੱਧਵਾਰ ਤੱਕ ਇਸ ਵਿੱਚੋਂ 20 ਮਿਲੀਅਨ ਡੋਜ਼ਾਂ ਨਹੀਂ ਸਨ ਮਿਲੀਆਂ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਕੋਲ ਪਹਿਲਾਂ ਹੀ 18.7 ਮਿਲੀਅਨ ਡੋਜ਼ਾਂ ਪਈਆਂ ਹਨ ਤੇ ਇਹ ਕੈਨੇਡਾ ਦੇ 12 ਸਾਲ ਤੋਂ ਵੱਧ ਉਮਰ ਦੇ ਯੋਗ ਲੋਕਾਂ ਨੂੰ ਪੂਰੀ ਤਰ੍ਹਾਂ ਵੈਕਸੀਨੇਟ ਕਰਨ ਲਈ ਕਾਫੀ ਹਨ। ਇਨ੍ਹਾਂ ਵਿੱਚੋਂ 8.5 ਮਿਲੀਅਨ ਡੋਜ਼ਾਂ ਜਿਹੜੀਆਂ ਪ੍ਰੋਵਿੰਸਾਂ ਨੂੰ ਭੇਜੀਆਂ ਗਈਆਂ ਉਨ੍ਹਾਂ ਦੀ ਅਜੇ ਤੱਕ ਵਰਤੋਂ ਨਹੀਂ ਹੋਈ। ਇਸ ਤੋਂ ਇਲਾਵਾ 10.2 ਮਿਲੀਅਨ ਡੋਜ਼ਾਂ ਅਜਿਹੀਆਂ ਹਨ ਜਿਹੜੀਆਂ ਫੈਡਰਲ ਸਰਕਾਰ ਕੋਲ ਪਈਆਂ ਹਨ ਤੇ ਲੋੜ ਪੈਣ ਉੱਤੇ ਪ੍ਰੋਵਿੰਸਾਂ ਇਨ੍ਹਾਂ ਦੀ ਵਰਤੋਂ ਕਰ ਸਕਦੀਆਂ ਹਨ।

ਬੁੱਧਵਾਰ ਤੱਕ 80 ਫੀ ਸਦੀ ਕੈਨੇਡੀਅਨ ਕੋਵਿਡ-19 ਖਿਲਾਫ ਪੂਰੀ ਤਰ੍ਹਾਂ ਵੈਕਸੀਨੇਟ ਹੋ ਚੁੱਕੇ ਸਨ ਤੇ ਬਾਕੀ ਸੱਤ ਫੀ ਸਦੀ ਨੂੰ ਉਨ੍ਹਾਂ ਦੇ ਪਹਿਲੇ ਸ਼ੌਟ ਲੱਗ ਚੁੱਕੇ ਸਨ। ਹੁਣ ਕੈਨੇਡਾ ਨੂੰ 12 ਸਾਲ ਤੋਂ ਵੱਧ ਉਮਰ ਦੇ ਹਰੇਕ ਸ਼ਖਸ ਦਾ ਟੀਕਾਕਰਣ ਕਰਨ ਲਈ 11 ਮਿਲੀਅਨ ਡੋਜ਼ਾਂ ਚਾਹੀਦੀਆਂ ਹਨ। ਸਾਰੀਆਂ ਪ੍ਰੋਵਿੰਸਾਂ ਅਗਸਤ ਦੇ ਅੰਤ ਤੱਕ ਹੀ ਹੋਰ ਨਵੀਆਂ ਡੋਜ਼ਾਂ ਦੀ ਮੰਗ ਕਰਨ ਤੋਂ ਹਟ ਗਈਆਂ ਸਨ ਤੇ ਕੈਨੇਡਾ ਨੇ ਵੀ ਸਪਲਾਇਰਜ਼ ਨੂੰ ਹਾਲ ਦੀ ਘੜੀ ਹੋਰ ਡੋਜ਼ਾਂ ਭੇਜਣ ਤੋਂ ਮਨ੍ਹਾਂ ਕਰ ਦਿੱਤਾ ਸੀ।


REXDALE BODY SHOP USED CAR SALE



CHEEMA
LOWEST PRICE IN TOWN
Towing Service Car Paint Starts $799* upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬੇਸਮੈਂਟਸ ਕਿਰਾਏ ਲਈ ਖਾਲੀ


ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੌਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:

| | | |
|---|---|---|
| 4 units 3 bedroom | 2 units 1 bedroom | 1 unit bachelor |








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



## ਅੱਜ ਨਾਮਾ

ਲੜਨਾ ਕਹਿੰਦੇ ਸਨ ਨਾਲ ਅਕਾਲੀਆਂ ਦੇ,
ਆਪਸ ਵਿੱਚ ਹੀ ਲੜਨ ਗਏ ਰੁੱਝ ਬੇਲੀ।
ਆਗੂਆਂ ਦੋਂਹ ਦੀ ਖੋਹੀ ਆ ਚੇਅਰਮੈਨੀ,
ਨਵਾਂ ਸ਼ਿਕਾਰ ਵੀ ਆਪ ਲਓ ਬੁੱਝ ਬੇਲੀ।
ਦੱਸਦੀ ਸੂਚੀ ਕਿ ਕਿਹੋ ਜਿਹੇ ਕੰਮ ਕਰਨੇ,
ਕਰਿਆ ਜਾਂਦਾ ਫਿਰ ਕੁੱਝ ਦਾ ਕੁੱਝ ਬੇਲੀ।
ਜਾਂਦੀ ਪੂਰਬ ਨੂੰ ਪੱਛਮ ਵੱਲ ਜਾਏ ਗੱਡੀ,
ਕਾਰਨ ਕਿਸੇ ਨੂੰ ਰਿਹਾ ਨਹੀਂ ਸੁੱਝ ਬੇਲੀ।
ਰਹਿੰਦਾ ਵਕਤ ਹੈ ਛੀਆਂ ਮਹੀਨਿਆਂ ਦਾ,
ਕਰਨਾ ਕੰਮ ਜਾਂ ਭਾਜੀ ਬੱਸ ਮੋੜਨੀ ਜੀ।
ਚੋਣਾਂ ਤੀਕਰ ਕਬੱਡੀ ਜਿਹੀ ਖੇਡਣੀ ਜਾਂ,
ਤਾਕਤ ਚੋਣਾਂ ਦੇ ਲਈ ਕੁਝ ਜੋੜਨੀ ਜੀ।

**ਤੀਸ ਮਾਰ ਖਾਂ**

# ਅਮਰਿੰਦਰ ਕਹਿੰਦਾ ਡਰਾਮਾ ਮਾਸਟਰ ਨਵਜੋਤ ਸਿੱਧੂ ਨੂੰ ਮੈਂ ਮੁੱਖ ਮੰਤਰੀ ਨਹੀਂ ਬਣਨ ਦਿਆਂਗਾ

## * ਤੁਹਾਡੀ ਸਰਕਾਰ ਹੈ, ਫੜ ਲਓ ਬਾਦਲ-ਮਜੀਠੀਆ, ਕੌਣ ਰੋਕਦੈ: ਕੈਪਟਨ

ਚੰਡੀਗੜ੍ਹ, 22 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਇੱਕ ਵਾਰ ਫਿਰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਉੱਤੇ ਜ਼ੋਰਦਾਰ ਨਿਸ਼ਾਨਾ ਸੇਧਿਆ ਹੈ।

ਕੈਪਟਨ ਅਮਰਿੰਦਰ ਸਿੰਘ ਵੱਲੋਂ ਉਨ੍ਹਾਂ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਅੱਜ ਟਵੀਟ ਰਾਹੀਂ ਨਵਜੋਤ ਸਿੰਘ ਸਿੱਧੂ ਵਿਰੁੱਧ ਕੈਪਟਨ ਦਾ ਬਿਆਨ ਜਾਰੀ ਕੀਤਾ ਹੈ ਕਿ ਨਵਜੋਤ ਸਿੱਧੂ 'ਸੁਪਰ ਮੁੱਖ ਮੰਤਰੀ' ਵਾਂਗ ਵਿਹਾਰ ਕਰਦਾ ਹੈ ਤੇ ਇਸ ਨਾਲ ਪੰਜਾਬ ਦੀ ਕਾਂਗਰਸ ਕਮਜ਼ੋਰ ਹੋ ਰਹੀ ਹੈ।ਨਵਜੋਤ ਸਿੰਘ ਸਿੱਧੂ ਨੂੰ ਡਰਾਮਾ ਮਾਸਟਰ ਕਹਿ ਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 'ਇਸ ਡਰਾਮਾ ਮਾਸਟਰ ਦੀ ਅਗਵਾਈ ਵਿੱਚ ਕਾਂਗਰਸ ਲਈ ਪੰਜਾਬ ਚੋਣਾਂ ਵਿੱਚ ਦੋਹਰੇ ਅੰਕੜੇ ਨੂੰ ਛੂਹਣਾ ਵੀ ਵੱਡੀ ਗੱਲ ਹੋਵੇਗੀ।' ਉਨ੍ਹਾਂ ਕਿਹਾ ਕਿ ਉਹ ਨਵਜੋਤ ਸਿੰਘ ਸਿੱਧੂ ਨੂੰ ਮੁੱਖ ਮੰਤਰੀ ਬਣਨ ਤੋਂ ਰੋਕਣ ਲਈ ਹਰ ਕੁਰਬਾਨੀ ਲਈ ਤਿਆਰ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿੱਧੂ ਦੇ ਵਿਰੁੱਧ ਇੱਕ ਮਜ਼ਬੂਤ ਉਮੀਦਵਾਰ ਖੜਾ ਕਰਨਗੇ।ਉਨ੍ਹਾਂ ਦੇ ਇਸ ਬਿਆਨ ਨੇ ਚਰਚਾ ਛੇੜ ਦਿੱਤੀ ਹੈ ਕਿ ਕੀ ਕੈਪਟਨ ਅਮਰਿੰਦਰ ਸਿੰਘ ਨਵੀਂ ਪਾਰਟੀ ਬਣਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਮੇਰੇ ਬੱਚਿਆਂ ਵਰਗੇ ਹਨ, ਉਨ੍ਹਾਂ ਨੂੰ ਮੇਰੇ ਨਾਲ ਇਹ ਸਲੂਕ ਨਹੀਂ ਕਰਨਾ ਚਾਹੀਦਾ ਸੀ। ਕੈਪਟਨ ਨੇ ਕਿਹਾ ਕਿ ਗਾਂਧੀ ਪਰਿਵਾਰ ਦੇ ਬੱਚਿਆਂ ਨੂੰ ਖਾਸ ਤਜਰਬਾ ਨਹੀਂ ਅਤੇ ਉਨ੍ਹਾਂ ਦੇ ਸਲਾਹਕਾਰ ਉਨ੍ਹਾਂ ਨੂੰ ਗੁੰਮਰਾਹ ਕਰਦੇ ਹਨ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਤਿੰਨ ਹਫਤੇ ਪਹਿਲਾਂ ਸੋਨੀਆ ਗਾਂਧੀ ਨੂੰਅਸਤੀਫੇ ਦੀ ਪੇਸ਼ਕਸ਼ ਕੀਤੀ ਤਾਂ ਸੋਨੀਆ ਗਾਂਧੀ ਨੇ ਨਹੀਂ ਲਿਆ।ਉਨ੍ਹਾ ਕਿਹਾ ਕਿ ਮੈਨੂੰ ਬੁਲਾ ਕੇ ਅਸਤੀਫਾ ਦੇਣ ਨੂੰ ਕਹਿੰਦੇ ਤਾਂ ਮੈਂ ਦੇ ਦਿੰਦਾ ਅਤੇ ਮੈਂ ਇਹ ਕਦਮ ਇੱਕ ਸਿਪਾਹੀ ਵਾਂਗ ਚੁੱਕਦਾ।



ਇਸ ਦੌਰਾਨ ਇੱਕ ਟੀ ਵੀ ਚੈਨਲ ਨਾਲ ਇੰਟਰਵਿਊ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸੀ ਲੀਡਰਾਂ ਬਾਰੇ ਕਿਹਾ ਕਿ 'ਉਹ ਚਾਹੁੰਦੇ ਸਨ ਕਿ ਮੈਂ ਬਿਕਰਮ ਸਿੰਘ ਮਜੀਠੀਏ ਨੂੰ ਅੰਦਰ ਕਰਾਂ, ਮੈਂ ਕਿਵੇਂ ਕਰ ਦੇਵਾਂ ਜਾਂ ਬਹਿਬਲ ਕਲਾਂ, ਕੋਟਕਪੂਰਾ, ਬਰਗਾੜੀਕੇਸ ਵਿੱਚ ਬਾਦਲਾਂ ਨੂੰ ਅੰਦਰ ਕਰ ਦੇਵਾਂ। ਕਾਨੂੰਨ ਨਾਂ ਦੀ ਵੀ ਕੋਈ ਚੀਜ਼ ਹੈ, ਮੈਂ ਕਾਨੂੰਨ ਮੁਤਾਬਕ ਕੰਮ ਕਰ ਰਿਹਾ ਸੀ। ਅੱਜ ਉਨ੍ਹਾਂ ਦੀ ਸਰਕਾਰ ਹੈ। ਫੜ ਲਓ ਬਾਦਲ ਨੂੰ, ਫੜ ਲਓ ਮਜੀਠੀਏ ਨੂੰ, ਕੌਣ ਰੋਕਦਾ ਹੈ, ਜਾਓ ਤੇ ਬਾਦਲਾਂ ਅਤੇ ਮਜੀਠੀਏ ਨੂੰ ਕਰੋ ਅੰਦਰ।ਅੱਜ ਅੰਮ੍ਰਿਤਸਰ ਵਿਚ ਚੰਨੀ ਤੋਂਪੁੱਛਿਆ ਗਿਆ ਕਿ ਬਾਦਲਾਂ ਦਾ ਕੀ ਕਰੋਗੇ ਤਾਂ ਉਨ੍ਹਾਂ ਕਿਹਾ ਕਿ ਉਹ ਸਾਡੇ ਭਰਾ ਹਨ, ਫੜ ਲਓ ਭਰਾ ਨੂੰ ਜਾ ਕੇ। ਬਹਿਬਲ ਕਲਾਂ, ਕੋਟਕਪੂਰਾ, ਬਰਗਾੜੀ, ਜਵਾਹਰਕੇ ਕੇਸ ਵਿਚ 4 ਵੱਖ-ਵੱਖ ਜਾਂਚ ਟੀਮਾਂ (ਐੱਸ ਆਈ ਟੀਜ਼) ਕੰਮ ਕਰ ਰਹੀਆਂ ਹਨ। 19 ਲੋਕ ਫੜੇ ਤਾਂ ਉਹ ਜ਼ਮਾਨਤ ਉੱਤੇ ਬਾਹਰ ਹਨ। ਡਰੱਗਜ਼ ਸਮੱਗਲਿੰਗ ਵਿਚ 66000 ਫੜੇ, 42000 ਜੇਲ੍ਹਾਂ ਵਿਚ ਹਨ। 5 ਕਿੰਗਪਿਨ ਵਿਦੇਸ਼ ਵਿੱਚੋਂ ਫੜ ਕੇ ਲਿਆਂਦੇ। ਉਨ੍ਹਾਂ ਨੂੰ ਅਸੀਂ ਕੇਂਦਰ ਦੀ ਮਦਦ ਤੋਂ ਬਿਨਾਂ ਨਹੀਂ ਲਿਆ ਸਕਦੇ ਸੀ। ਕੁਝ ਲੋਕ ਕਹਿੰਦੇ ਹਨ ਕਿ ਮੈਂ ਕੇਂਦਰ ਨੂੰ ਜਾ ਕੇ ਮਿਲਦਾ ਸੀ, ਪਰ ਕੇਂਦਰ ਦੀ ਮਦਦ ਬਿਨਾਂ ਕਿਹੜਾ ਰਾਜ ਕੰਮ ਕਰ ਸਕਦਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਚੰਨੀ ਵਧੀਆ ਇਨਸਾਨ ਹਨ, ਸਿੱਧੂ ਤੋਂ 100 ਗੁਣਾ ਬਿਹਤਰ ਹਨ, ਸਾਢੇ 4 ਸਾਲਾਂ ਵਿਚ ਮੈਂ ਆਪਣੀ ਕੈਬਨਿਟ ਤੋਂ ਇੱਕ ਮੰਤਰੀ ਡਰਾਪ ਕੀਤਾ ਤੇ ਉਹ ਸਿੱਧੂ ਸੀ। ਉਹ ਅਯੋਗ ਸਾਬਤ ਹੋਇਆ। ਉਸ ਦੇ ਲੋਕਲ ਬਾਡੀਜ਼ ਵਿਭਾਗ ਵਿਚ 7 ਮਹੀਨੇ ਫਾਈਲਾਂ ਬਿਨਾਂ ਨਿਪਟਾਰੇ ਹੀਪਈਆਂ ਰਹੀਆਂ। ਉਹ ਸਾਡੇ ਲਈ ਬਹੁਤ ਅਹਿਮ ਵਿਭਾਗ ਸੀ, ਸ਼ਹਿਰਾਂ ਦਾ ਵਿਕਾਸ ਉਸ ਕੋਲ ਹੈ। ਇਸ ਲਈ ਮੈਨੂੰ ਸਿੱਧੂ ਨੂੰ ਕੱਢ ਕੇ ਬ੍ਰਹਮ ਮਹਿੰ-ਦਰਾ ਨੂੰ ਵਿਭਾਗ ਦੇਣਾ ਪਿਆ। ਬਾਕੀ ਮੰਤਰੀ ਕਿਉਂ ਠੀਕ ਚੱਲੇ ਅਤੇ ਇਕ-ਲਾ ਸਿੱਧੂ ਕਿਉਂ ਨਹੀਂ, ਕਿਉਂਕਿ ਉਸਦੀ ਯੋਗਤਾ ਨਹੀਂ ਹੈ। ਉਹ ਇੱਕ ਵਿਭਾਗ ਤਾਂ ਚਲਾ ਨਹੀਂ ਸਕਿਆ, ਪੂਰਾ ਪੰਜਾਬ ਕਿਵੇਂ ਚਲਾਏਗਾ ?

# ਦਿਨ ਦਿਹਾੜੇ ਚੱਲੀ ਗੋਲੀ ਵਿੱਚ ਇੱਕ ਹਲਾਕ, ਇੱਕ ਜ਼ਖ਼ਮੀ

ਬਰੈਂਪਟਨ, 22 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਬਰੈਂਪਟਨ ਵਿੱਚ ਦਿਨ ਦਿਹਾੜੇ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਮਹਿਲਾ ਜ਼ਖ਼ਮੀ ਹੋ ਗਈ।

ਸ਼ਾਮੀਂ 5:00 ਵਜੇ ਤੋਂ ਪਹਿਲਾਂ ਕਈ ਲੋਕਾਂ ਨੂੰ ਗੋਲੀ ਮਾਰੇ ਜਾਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਪੀਲ ਰੀਜਨਲ ਪੁਲਿਸ ਨੂੰ ਏਅਰਪੋਰਟ ਤੇ ਕੰਟਰੀਸਾਈਡ ਡਰਾਈਵਜ਼ ਉੱਤੇ ਸੱਦਿਆ ਗਿਆ। ਜਾਂਚਕਾਰਾਂ ਅਨੁਸਾਰ ਸ਼ੂਟਿੰਗ ਤੋਂ ਤੁਰੰਤ ਬਾਅਦ ਤਿੰਨ ਮਸ਼ਕੂਕਾਂ ਨੂੰ ਇਸ ਇਲਾਕੇ ਵਿੱਚੋਂ ਭੱਜਦਿਆਂ ਵੇਖਿਆ ਗਿਆ।




ਇਸ ਸ਼ੂਟਿੰਗ ਤੋਂ ਬਾਅਦ ਇੱਕ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਇੱਕ ਮਹਿਲਾ ਵੀ ਮਾਮੂਲੀ ਤੌਰ ਉੱਤੇ ਜ਼ਖ਼ਮੀ ਹੋਈ। ਪੀਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕੇਸਗੜ੍ਹ ਸਾਹਿਬ ਬੇਅਦਬੀ ਮਾਮਲਾ : ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਤੇ ਮੈਨੇਜਰ ਵਿਰੁੱਧ ਤਬਾਦਲੇ ਦੀ ਕਾਰਵਾਈ

ਅਨੰਦਪੁਰ ਸਾਹਿਬ, 22 ਸਤੰਬਰ, (ਪੋਸਟ ਬਿਊਰੋ)- ਤਖਤ ਕੇਸਗੜ੍ਹ ਸਾਹਿਬ ਦੇ ਬੇਅਦਬੀ ਕੇਸ ਦੇ ਵਿਵਾਦ ਵਿੱਚ ਸਿੱਖ ਸੰਗਤਾਂ ਦੇ ਵਿਰੋਧ ਪਿੱਛੋਂ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਨੇ ਅੱਜ ਤਖ਼ਤ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ ਅਤੇ ਮੈਨੇਜਰ ਮਲਕੀਤ ਸਿੰਘ ਦਾ ਤਬਾਦਲਾ ਕਰ ਦਿੱਤਾਹੈ। ਵਰਨਣ ਯੋਗ ਹੈ ਕਿ ਬੀਤੀ 13 ਸਤੰਬਰ ਨੂੰ ਤਖ਼ਤ ਸਾਹਿਬ ਵਿਖੇ ਹੋਈ ਬੇਅਦਬੀ ਵਾਲੀ ਘਟਨਾ ਪਿੱਛੋਂ ਜਥੇਦਾਰ ਸਾਹਿਬ, ਹੈੱਡ ਗ੍ਰੰਥੀ ਅਤੇ ਮੈਨੇਜਰ ਦਾ ਵੱਖ-ਵੱਖ ਸਿੱਖ ਜਥੇਬੰਦੀਆਂ ਭਾਰੀ ਵਿਰੋਧ ਕਰ ਰਹੀਆਂ ਸਨ ਅਤੇ ਇਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਸੀ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅੱਜ ਇਨ੍ਹਾਂ ਦੋਵਾਂਦੀ ਬਦਲੀ ਨੂੰ ਰੁਟੀਨ ਕਾਰਵਾਈ ਦੱਸਦੇ ਰਹੇ, ਪਰ ਭਰੋਸੇ ਯੋਗ ਸੂਤਰਾਂ ਮੁਤਾਬਕ ਬੇਅਦਬੀ ਕੇਸ ਦੀ ਜਾਂਚਵਿੱਚ ਸ਼੍ਰੋਮਣੀ ਕਮੇਟੀ ਟੀਮ ਨੇ ਹੈੱਡ ਗ੍ਰੰਥੀ ਅਤੇ ਮੈਨੇਜਰ ਬਾਰੇ ਅਸੰਤੁਸ਼ਟੀ ਜ਼ਾਹਰ ਕੀਤੀ ਸੀ।ਅੱਜ ਸ਼੍ਰੋਮਣੀ ਕਮੇਟੀ ਹੈੱਡ ਕੁਆਰਟਰ ਤੋਂ ਜਾਰੀ ਹੋਏ ਹੁਕਮਾਂ ਅਨੁਸਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ ਨੂੰ ਏਥੋਂ ਬਦਲ ਕੇ ਗੁਰਦੁਆਰਾ ਦੂਖਨਿਵਾਰਨ ਸਾਹਿਬ ਪਟਿਆਲਾ ਦੇ ਹੈੱਡ ਗ੍ਰੰਥੀ ਤੇ ਉਥੋਂ ਦੇ ਹੈੱਡ ਗ੍ਰੰਥੀ ਗਿਆਨੀ ਪਰਨਾਮ ਸਿੰਘ ਨੂੰ ਤਖ਼ਤ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਲਾਇਆ ਗਿਆ ਹੈ। ਇਸੇ ਤਰ੍ਹਾਂ ਤਖ਼ਤ ਸਾਹਿਬ ਦਾ ਮੈਨੇਜਰ ਮਲਕੀਤ ਸਿੰਘ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਭੇਜ ਕੇ ਉੱਥੋਂ ਦੇ ਮੈਨੇਜਰ ਭਗਵੰਤ ਸਿੰਘ ਨੂੰ ਤਖ਼ਤ ਕੇਸਗੜ੍ਹ ਸਾਹਿਬ ਦਾ ਮੈਨੇਜਰ ਲਾਇਆ ਗਿਆ ਹੈ।ਇਨ੍ਹਾਂ ਬਦਲੀਆਂ ਬਾਰੇ ਸ਼੍ਰੋਮਣੀ ਕਮੇਟੀ ਦੇਚੀਫ ਸੈਕਟਰੀ ਹਰਜਿੰਦਰ ਸਿੰਘ ਧਾਮੀ ਨੇ ਪੁਸ਼ਟੀ ਕਰਦਿਆਂ ਮੰਨਿਆ ਕਿ ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ ਅਤੇ ਮੈਨੇਜਰ ਮਲਕੀਅਤ ਸਿੰਘ ਦੀ ਬਦਲੀ ਕਰ ਦਿੱਤੀ ਗਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਗੁਜਰਾਤ ਵਿੱਚੋਂ 15,000 ਕਰੋੜ ਦੀ ਹੈਰੋਇਨ ਫੜਨ ਮਗਰੋਂ ਸਿਆਸਤ ਵਿੱਚ ਤੂਫਾਨ ਉੱਠਿਆ

ਨਵੀਂ ਦਿੱਲੀ, 22 ਸਤੰਬਰ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦਾ ਗੜ੍ਹ ਮੰਨੇ ਜਾਂਦੇ ਗੁਜਰਾਤ ਤੋਂ ਕਰੀਬ 3000 ਕਿਲੋ ਹੈਰੋਇਨ ਦੇ ਫੜੇ ਜਾਣ ਨੇ ਭਾਰਤ ਦੀ ਸਿਆਸਤ ਵਿੱਚ ਤੂਫਾਨ ਲੈ ਆਂਦਾ ਹੈ।ਇਸ ਮਾਮਲੇ ਕਾਰਨ ਕਾਂਗਰਸ ਪਾਰਟੀ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਉੱਤੇਸਿੱਧਾ ਹਮਲਾ ਕੀਤਾ ਹੈ। ਕਾਂਗਰਸਦੇ ਮੁੱਖਬੁਲਾਰੇ ਰਣਦੀਪ ਸੁਰ-ਜੇਵਾਲਾ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਦਿਨੀਂ ਗੁਜਰਾਤ ਵਿੱਚ ਮੁੰਦਰਾ ਬੰਦਰਗਾਹ ਰਾਹੀਂ ਵੱਡੇ ਪੱਧਰ ਉੱਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕੀਤੀ ਗਈ ਅਤੇ ਨਰਿੰਦਰ ਮੋਦੀ ਸਰਕਾਰ ਦੇਸ਼ ਦੀ ਰੱਖਿਆ ਕਰਨਤੋਂ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਬਾਰੇ ਦੇਸ਼ ਨੂੰ ਜਵਾਬ ਦੇਣਾ ਚਾਹੀਦਾ ਹੈ। ਇਸ ਬੰਦਰਗਾਹ ਦੀ ਕੰਟਰੋਲਰ ਕੰਪਨੀ ਦੇ ਮਾਲਕਾਂ ਦੀ ਨਰਿੰਦਰ ਮੋਦੀ ਨਾਲ ਨੇੜਤਾ ਹੈ।



ਵਰਨਣ ਯੋਗ ਹੈ ਕਿ ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀਆਰਆਈ) ਨੇ ਗੁਜਰਾਤ ਦੇ ਕੱਛ ਜ਼ਿਲੇ ਦੀ ਮੁੰਦਰਾ ਬੰਦਰਗਾਹ ਤੋਂ 15,000 ਕਰੋੜ ਰੁਪਏ ਕੀਮਤ ਦੀ 2,988.21 ਕਿਲੋ ਹੈਰੋਇਨ ਫੜੀ ਹੈ। ਇਸ ਬੰਦਰਗਾਹ ਦਾ ਪ੍ਰਬੰਧ ਅਡਾਨੀ ਗਰੁੱਪ ਕੋਲ ਹੈ ਅਤੇ ਅਡਾਨੀ ਗਰੁੱਪ ਦੇ ਬੁਲਾਰੇ ਨੇ ਕਿਹਾ ਹੈ ਕਿ ਬੰਦਰਗਾਹਾਂ ਦੇ ਪ੍ਰਬੰਧ ਕਰਨ ਵਿੱਚ ਕੰਪਨੀਆਂ ਦੀ ਭੂਮਿਕਾ ਸੀਮਤ ਹੁੰਦੀ ਹੈ ਅਤੇ ਕੰਟੇਨਰਾਂ ਦੀ ਜਾਂਚ ਤੇ ਜ਼ਬਤੀ ਸਰਕਾਰੀ ਏਜੰਸੀਆਂ ਕਰਦੀਆਂ ਹਨ। ਕਾਂਗਰਸ ਦੇ ਜਨਰਲ ਸੈਕਟਰੀ ਸੁਰ-ਜੇਵਾਲਾ ਨੇ ਪੱਤਰਕਾਰਾਂ ਨੂੰ ਕਿਹਾ, '3000 ਕਿਲੋ ਹੈਰੋਇਨ ਨੂੰ ਜ਼ਬਤ ਕਰਨਾ ਨਸ਼ਾ ਤਸਕਰੀ ਦਾ ਅੱਜ ਤੱਕ ਦਾ ਸਭ ਤੋਂ ਵੱਡਾ ਮਾਮਲਾ ਹੈ। ਇਹ ਪਹਿਲੀ ਵਾਰ ਨਹੀਂ ਕਿ ਇਸ ਬੰਦਰਗਾਹ ਉੱਤੇ ਨਸ਼ੀਲੇ ਪਦਾਰਥਆਏ ਹਨ। ਮੀਡੀਆ ਮੁਤਾਬਕ ਇਸੇ ਤਰ੍ਹਾਂ ਹੀ 25,000 ਕਿਲੋ ਹੈਰੋਇਨ ਡਰੱਗ 'ਸੈਮੀਕਟ ਟੈਲਕਮ ਪਾਊਡਰ ਬਲਾਕਸ' ਦੇ ਨਾਂ ਉੱਤੇ ਜੂਨ 2021 ਵਿਚਅਡਾਨੀ ਦੇ ਪ੍ਰਬੰਧ ਵਾਲੀ ਮੁੰਦਰਾ ਬਦਰਗਾਹ ਉੱਤੇ ਪਹੁੰਚਿਆ ਸੀ। ਉਨ੍ਹਾਂ ਦੇ ਦੱਸਣ ਅਨੁਸ-ਾਰ 'ਓਦੋਂ ਵੀ ਆਂਧਰਾ ਪ੍ਰਦੇਸ਼ ਦੀ ਉਸੇ ਅਖੌਤੀ ਕੰਪਨੀ ਦੇ ਨਾਂ ਉੱਤੇ ਡਰੱਗਜ਼ ਲਿਆਂਦੀ ਗਈ, ਜਿਸ ਦੇ ਨਾਂ ਉੱਤੇਇਸ ਵਾਰ 3,000 ਕਿਲੋ ਹੈਰੋਇਨ ਆਈ ਹੈ। ਹੈਰੋਇਨ ਦੀ ਪੁਰਾਣੀ ਖੇਪ ਜ਼ਰੂਰ ਬਾਜ਼ਾਰ ਵਿਚਜਾਕੇ ਭਾਰਤ ਦੀ ਜਵਾਨੀ ਨੂੰ ਨਸ਼ੇ ਦੀ ਅੱਗ ਵਿੱਚ ਸਾੜ ਰਹੀ ਹੋਵੇਗੀ।ਉਨ੍ਹਾ ਕਿਹਾ ਕਿ ਜੁਲਾਈ 2021 ਵਿੱਚਦਿੱਲੀ ਪੁਲੀਸ ਨੇ 2,500 ਕਰੋੜ ਰੁਪਏ ਦੀ ਕੀਮਤ ਦੀ 354 ਕਿਲੋਗ੍ਰਾਮ ਹੈਰੋਇਨ ਫੜੀ ਸੀ। ਮਈ ਵਿੱਚਦਿੱਲੀ ਪੁਲੀਸ ਨੇ 125 ਕਿਲੋ ਹੈਰੋਇਨ ਫੜੀ ਸੀ। ਉਨ੍ਹਾਂ ਸੁਆਲ ਕੀਤਾ ਕਿ 1,75,000 ਕਰੋੜ ਰੁਪਏ ਦੀ 25,000 ਕਿਲੋ ਹੈਰੋਇਨ ਡਰੱਗ ਕਿਥੇ ਗਈ? ਉਨ੍ਹਾਂ ਪੁੱਛਿਆ ਕਿ ਆਖਰ ਡਰੱਗ ਤਸਕਰ ਗੁਜਰਾਤ ਦੀ ਇਸ ਬੰਦਰਗਾਹ ਦੀ ਵਰਤੋਂ ਹੀ ਕਿਉਂ ਕਰਦੇ ਹਨ?

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਅਗਲੇ ਹਫਤੇ ਤੋਂ ਭਾਰਤ ਤੋਂ ਆਉਣ ਵਾਲੀਆਂ ਸਿੱਧੀਆਂ ਉਡਾਨਾਂ ਉੱਤੇ ਲੱਗੀ ਪਾਬੰਦੀ ਹਟਾਵੇਗਾ ਕੈਨੇਡਾ

...ਪੰਨਾ 1 ਦਾ ਬਾਕੀ

ਉਸ ਸਮੇਂ ਤੱਕ ਭਾਰਤ ਤੋਂ ਆਉਣ ਵਾਲੇ ਟਰੈਵਲਰਜ਼ ਨੂੰ ਡਿਪਾਰਚਰ ਤੋਂ 18 ਘੰਟੇ ਦੇ ਅੰਦਰ ਅੰਦਰ ਦਿੱਲੀ ਏਅਰਪੋਰਟ ਉੱਤੇ ਸਥਿਤ ਮਨਜ਼ੂਰਸ਼ੁਦਾ ਜੀਨਸਟ੍ਰਿੰਗਜ਼ ਲੈਬੋਰੇਟਰੀ ਤੋਂ ਕੋਵਿਡ-19 ਦਾ ਨੈਗੇਟਿਵ ਮੌਲੀਕਿਊਲਰ ਟੈਸਟ ਕਰਵਾਏ ਹੋਣ ਦਾ ਸਬੂਤ ਪੇਸ਼ ਕਰਨਾ ਹੋਵੇਗਾ। ਉਨ੍ਹਾਂ ਨੂੰ ਆਪਣੀ ਵੈਕਸੀਨੇਸ਼ਨ ਦਾ ਵੇਰਵਾ ਐਰਾਈਵਕੈਨ ਐਪ ਜਾਂ ਵੈੱਬਸਾਈਟ ਉੱਤੇ ਅਪਲੋਡ ਕਰਨਾ ਹੋਵੇਗਾ।

ਬਿਆਨ ਵਿੱਚ ਆਖਿਆ ਗਿਆ ਕਿ ਇਨ੍ਹਾਂ ਸ਼ਰਤਾਂ ਨੂੰ ਪੂਰਾ ਨਾ ਕਰ ਸਕਣ ਵਾਲੇ ਟਰੈਵਲਰਜ਼ ਨੂੰ ਜਹਾਜ਼ ਚੜ੍ਹਨ ਤੋਂ ਰੋਕ ਦਿੱਤਾ ਜਾਵੇਗਾ। ਜਿਹੜੇ ਟਰੈਵਲਰਜ਼ ਅਸਿੱਧੇ ਰੂਟ ਰਾਹੀਂ ਭਾਰਤ ਤੋਂ ਕੈਨੇਡਾ ਆਉਣਗੇ ਉਨ੍ਹਾਂ ਨੂੰ ਡਿਪਾਰਚਰ ਤੋਂ 72 ਘੰਟੇ ਦੇ ਅੰਦਰ ਅੰਦਰ ਤੀਜੀ ਕੰਟਰੀ ਤੋਂ ਨੈਗੇਟਿਵ ਮੌਲੀਕਿਊਲਰ ਟੈਸਟ ਪੇਸ਼ ਕਰਨਾ ਹੋਵੇਗਾ। ਟਰਾਂਸਪੋਰਟ ਕੈਨੇਡਾ ਨੇ ਆਖਿਆ ਕਿ ਇਨ੍ਹਾਂ ਪਾਬੰਦੀਆਂ ਨੂੰ ਹਟਾਏ ਜਾਣ ਤੋਂ ਪਹਿਲਾਂ ਤਿੰਨ ਡਾਇਰੈਕਟ ਫਲਾਈਟਸ ਭਾਰਤ ਤੋਂ ਬੁੱਧਵਾਰ ਨੂੰ ਕੈਨੇਡਾ ਪਹੁੰਚਣਗੀਆਂ ਤੇ ਇੱਥੇ ਪਹੁੰਚਣ ਉਪਰੰਤ ਸਾਰੇ ਪੈਸੈਂਜਰਜ਼ ਦੀ ਵਾਇਰਸ ਸਬੰਧੀ ਜਾਂਚ ਕੀਤੀ ਜਾਵੇਗੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਵੇਂ ਮਾਪਦੰਡ ਸਹੀ ਢੰਗ ਨਾਲ ਕੰਮ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਕੈਨੇਡਾ ਨੇ 22 ਅਪਰੈਲ ਨੂੰ ਭਾਰਤ ਤੋਂ ਆਉਣ ਵਾਲੀਆਂ ਡਾਇਰੈਕਟ ਉਡਾਨਾਂ ਉੱਤੇ ਪਾਬੰਦੀ ਲਾ ਦਿੱਤੀ ਸੀ। ਅਜਿਹਾ ਡੈਲਟਾ ਵੇਰੀਐਂਟ ਦੇ ਮਾਮਲਿਆਂ ਵਿੱਚ ਵਾਧਾ ਹੋਣ ਕਾਰਨ ਕੀਤਾ ਗਿਆ ਸੀ।

# ਓਨਟਾਰੀਓ ਵਿੱਚ ਨਵਾਂ ਵੈਕਸੀਨ ਸਰਟੀਫਿਕੇਟ ਸਿਸਟਮ ਹੋਇਆ ਲਾਗੂ

...ਪੰਨਾ 1 ਦਾ ਬਾਕੀ

ਲੋਕ ਆਪਣੀਆਂ ਵੈਕਸੀਨੇਸ਼ਨ ਰਸੀਦਾਂ ਪ੍ਰੋਵਿੰਸ਼ੀਅਲ ਬੁਕਿੰਗ ਪੋਰਟਲ ਤੋਂ ਪ੍ਰਿੰਟ ਕਰਵਾ ਸਕਦੇ ਹਨ ਜਾਂ ਡਾਊਨਲੋਡ ਕਰ ਸਕਦੇ ਹਨ। ਪਰ ਇਹ ਸਾਈਟ ਬੁੱਧਵਾਰ ਸਵੇਰੇ 8:00 ਵਜੇ ਤੱਕ ਮੇਨਟੇਨੈਂਸ ਲਈ ਡਾਊਨ ਹੋਵੇਗੀ।

ਓਨਟਾਰੀਓ ਵਾਸੀਆਂ ਨੂੰ ਹੇਠ ਲਿਖੀਆਂ ਸੇਵਾਵਾਂ ਹਾਸਲ ਕਰਨ ਲਈ ਪੂਰੀ ਤਰ੍ਹਾਂ ਵੈਕਸੀਨੇਟ ਹੋਣ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ :

- ਰੈਸਟੋਰੈਂਟਸ ਤੇ ਬਾਰਜ਼ (ਇਨ੍ਹਾਂ ਵਿੱਚ ਪੈਟੀਓਜ਼ ਵੀ ਸ਼ਾਮਲ ਹਨ, ਡਲਿਵਰੀ ਤੇ ਟੇਕਆਊਟ ਸਮੇਤ)
- ਨਾਈਟਕਲੱਬਜ਼ (ਇਸ ਤਰ੍ਹਾਂ ਦੀ ਥਾਂ ਦੇ ਬਾਹਰ ਵਾਲੇ ਹਿੱਸੇ ਸਮੇਤ)
- ਮੀਟਿੰਗ ਤੇ ਈਵੈਂਟ ਵਾਲੀਆਂ ਥਾਂਵਾਂ, ਜਿਵੇਂ ਕਿ ਬੈਂਕੁਏਟ ਹਾਲਜ਼ ਤੇ ਕਾਨਫਰੰਸ/ਕਨਵੈਨਸ਼ਨ ਸੈਂਟਰਜ਼
- ਸਪੋਰਟਸ ਤੇ ਫਿੱਟਨੈੱਸ ਗਤੀਵਿਧੀਆਂ ਤੇ ਪਰਸਨਲ ਫਿੱਟਨੈੱਸ ਟਰੇਨਿੰਗ ਲਈ ਵਰਤੀਆਂ ਜਾਣ ਵਾਲੀਆਂ ਫੈਸਿਲੀਟੀਜ਼, ਜਿਵੇਂ ਕਿ ਜਿੰਮਜ਼, ਫਿੱਟਨੈੱਸ ਤੇ ਮਨੋਰੰਜਨ ਵਾਲੀਆਂ ਥਾਂਵਾਂ
- ਸਪੋਰਟਿੰਗ ਈਵੈਂਟਸ
- ਕੈਸੀਨੋਜ਼, ਬਿੰਗੋ ਹਾਲਜ਼ ਤੇ ਗੇਮਿੰਗ ਅਸਟੈਬਲਿਸ਼ਮੈਂਟਸ
- ਕੰਸਰਟਸ, ਮਿਊਜ਼ਿਕ ਫੈਸਟੀਵਲਜ਼, ਥਿਏਟਰਜ਼ ਤੇ ਸਿਨੇਮਾਜ਼
- ਸਟ੍ਰਿੱਪ ਕਲੱਬਜ਼, ਬਾਥਹਾਊਸਿਜ਼ ਤੇ ਸੈਕਸ ਕਲੱਬਜ਼
- ਰੇਸਿੰਗ ਵੈਨਿਊਜ਼ ( ਮਿਸਾਲ ਵਜੋਂ ਹੌਰਸ ਰੇਸਿੰਗ)

22 ਅਕਤੂਬਰ ਨੂੰ ਪ੍ਰੋਵਿੰਸ ਵੱਲੋਂ ਇਸ ਪ੍ਰਕਿਰਿਆ ਨੂੰ ਕਾਰੋਬਾਰਾਂ ਵੱਲੋਂ ਸਟ੍ਰੀਮਲਾਈਨ ਕਰਨ ਲਈ ਕਿਊਆਰ ਕੋਡ ਤੇ ਵੈਰੀਫਿਕੇਸ਼ਨ ਐਪ ਲਾਂਚ ਕਰੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਫਾਰਮ ਵਰਕਰ ਦੀ ਲੋੜ
ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਮੋਬਾਇਲ: ਪਰਮਿੰਦਰ ਗਰੇਵਾਲ 647-391-1000
ਬਲਵੀਰ ਸਰਪੰਚ 289-541-5384
ਲੇਡੀਜ਼ ਵਰਕਰ ਦੀ ਲੋੜ
ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
705-443-2556

# ਅਜੇ ਵੀ ਵੋਟਾਂ ਗਿਣੇ ਜਾਣ ਕਾਰਨ ਕਈ ਹਲਕਿਆਂ ਉੱਤੇ ਨਹੀਂ ਹੋਇਆ ਜਿੱਤ ਹਾਰ ਦਾ ਫੈਸਲਾ

...ਪੰਨਾ 1 ਦਾ ਬਾਕੀ

ਭਾਵੇਂ ਇਨ੍ਹਾਂ ਸੀਟਾਂ ਉੱਤੇ ਫੈਸਲਾ ਹੋਣਾ ਅਜੇ ਬਾਕੀ ਹੈ ਪਰ ਇਸ ਨਾਲ ਚੋਣ ਨਤੀਜਿਆਂ ਉੱਤੇ ਕੋਈ ਫਰਕ ਨਹੀਂ ਪੈਣ ਵਾਲਾ। ਇਹ ਪਹਿਲਾਂ ਹੀ ਸਪਸ਼ਟ ਹੋ ਚੁੱਕਿਆ ਹੈ ਕਿ ਲਿਬਰਲ ਘੱਟ ਗਿਣਤੀ ਸਰਕਾਰ ਬਣਾਉਣਗੇ, ਕੰਜ਼ਰਵੇਟਿਵ ਮੁੱਖ ਵਿਰੋਧੀ ਧਿਰ ਹੋਵੇਗੀ ਤੇ ਜਦੋਂ ਵੀ ਕੋਈ ਅਹਿਮ ਬਿੱਲ ਪਾਸ ਕਰਨਾ ਹੋਵੇਗਾ ਤਾਂ ਉਸ ਵਿੱਚ ਬਲਾਕ ਤੇ ਐਨਡੀਪੀ ਨੂੰ ਅਹਿਮ ਭੂਮਿਕਾ ਨਿਭਾਉਣੀ ਹੋਵੇਗੀ ਕਿਉਂਕਿ ਦੋਵਾਂ ਕੋਲ ਪਾਵਰ ਨੂੰ ਸੰਤੁਲਿਤ ਕਰਨ ਲਈ ਕਾਫੀ ਸੀਟਾਂ ਹੋਣਗੀਆਂ।

ਇਨ੍ਹਾਂ ਹਲਕਿਆਂ ਦੇ ਨਤੀਜਿਆਂ ਦਾ ਅਸਰ ਉੱਥੇ ਰਹਿਣ ਵਾਲੇ ਲੋਕਾਂ ਉੱਤੇ ਪਵੇਗਾ। ਕਈ ਵਾਰੀ ਕੁੱਝ ਸੀਟਾਂ ਪਾਰਟੀ ਆਗੂਆਂ ਲਈ ਰਾਇਸ਼ੁਮਾਰੀ ਵਜੋਂ ਵੇਖੀਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਜਿੱਤਣਾ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣ ਜਾਂਦਾ ਹੈ। ਮਿਸਾਲ ਵਜੋਂ ਲਿਬਰਲਾਂ ਨੂੰ ਬ੍ਰਿਟਿਸ਼ ਕੋਲੰਬੀਆ ਦੀ ਵੈਨਕੂਵਰ ਗ੍ਰੈਨਵਿਲ ਸੀਟ ਜਿੱਤ ਕੇ ਬਹੁਤ ਖੁਸ਼ੀ ਹੋਵੇਗੀ ਕਿਉਂਕਿ ਐਸਐਨਸੀ-ਲਾਵ-'ਲਿਨ ਸਕੈਂਡਲ ਤੋਂ ਬਾਅਦ ਲਿਬਰਲ ਕਾਕਸ ਵਿੱਚੋਂ ਜੋਡੀ ਵਿਲਸਨ ਰੇਅਬੋਲਡ ਨੂੰ ਕੱਢੇ ਜਾਣ ਮਗਰੋਂ ਇਹ ਸੀਟ ਲਿਬਰਲਾਂ ਹੱਥੋਂ ਖੁੱਸ ਗਈ ਸੀ। ਇੰਡੀਪੈਂਡੈਂਟ ਉਮੀਦਵਾਰ ਵਜੋਂ ਰੇਅਬੋਲਡ ਨੇ 2019 ਵਿੱਚ ਇਹ ਸੀਟ ਮੁੜ ਜਿੱਤ ਲਈ ਸੀ ਪਰ ਇਸ ਵਾਰੀ ਉਸ ਨੇ ਚੋਣਾਂ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਸੀ। ਅਪੁਸ਼ਟ ਖਬਰਾਂ ਅਨੁਸਾਰ ਇਹ ਸੀਟ ਲਿਬਰਲ ਉਮੀਦਵਾਰ ਤਾਲੀਬ ਨੂਰਮੁਹੰਮਦ ਨੇ ਐਨਡੀਪੀ ਉਮੀਦਵਾਰ ਅੰਜਲੀ ਅੱਪਾਦੁਰਾਈ ਨੂੰ ਹਰਾ ਕੇ ਜਿੱਤ ਲਈ ਹੈ।

# 4 ਲੜਕਿਆਂ ਨੂੰ ਲੁੱਟਣ ਵਾਲੇ 7 ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 22 ਸਤੰਬਰ (ਪੋਸਟ ਬਿਊਰੋ) : ਯੌਰਕਡੇਲ ਮਾਲ ਵਿੱਚ ਚਾਰ ਲੜਕਿਆਂ ਨੂੰ ਲੁੱਟਣ ਵਾਲੇ ਸੱਤ ਵਿਅਕਤੀਆਂ ਦੀ ਭਾਲ ਕਰਨ ਵਿੱਚ ਟੋਰਾਂਟੋ ਪੁਲਿਸ ਵੱਲੋਂ ਜਨਤਾ ਤੋਂ ਮਦਦ ਦੀ ਮੰਗ ਕੀਤੀ ਜਾ ਰਹੀ ਹੈ।

ਸ਼ਨਿੱਚਰਵਾਰ ਰਾਤ ਨੂੰ ਪੁਲਿਸ ਨੂੰ ਯੌਰਕਡੇਲ ਮਾਲ ਵਿੱਚ 15 ਸਾਲ ਤੋਂ ਘੱਟ ਉਮਰ ਦੇ ਚਾਰ ਲੜਕਿਆਂ ਨੂੰ ਕੁੱਝ ਵਿਅਕਤੀਆਂ ਵੱਲੋਂ ਲੁੱਟ ਲਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਇਨ੍ਹਾਂ ਲੜਕਿਆਂ ਤੋਂ ਉਨ੍ਹਾਂ ਦੀਆਂ ਨਿਜੀ ਵਸਤਾਂ ਤੇ ਕੱਪੜੇ ਲੁੱਟੇ ਗਏ। ਮਸ਼ਕੂਕ ਹਿੰਸਕ ਤੇ ਖਤਰਨਾਕ ਦੱਸੇ ਜਾ ਰਹੇ ਹਨ। ਪੁਲਿਸ ਨੇ ਇਹ ਵੀ ਆਖਿਆ ਹੈ ਕਿ ਜੇ ਕਿਸੇ ਨੂੰ ਇਹ ਮਸ਼ਕੂਕ ਨਜ਼ਰ ਆਉਂਦੇ ਹਨ ਤਾਂ ਲੋਕ ਉਨ੍ਹਾਂ ਤੱਕ ਆਪ ਪਹੁੰਚ ਨਾ ਕਰਨ ਸਗੋਂ 911 ਉੱਤੇ ਕਾਲ ਕੀਤੀ ਜਾਵੇ।


ਇਨ੍ਹਾਂ ਸੱਤ ਮਸ਼ਕੂਕਾਂ ਨੂੰ 18 ਤੇ 20 ਸਾਲ ਦਰਮਿਆਨ ਉਮਰ ਵਰਗ ਦੇ ਦੱਸਿਆ ਜਾ ਰਿਹਾ ਹੈ। ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲਿਆਂ ਨੂੰ ਪੁਲਿਸ ਵੱਲੋਂ ਸਾਹਮਣੇ ਆਉਣ ਦੀ ਅਪੀਲ ਕੀਤੀ ਗਈ ਹੈ।

ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।
ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਕਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?


ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training


ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005

- AZ Tractor trailer program
- Manual transmission & backup training everyday
- We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

# ਰੈਡ ਵਿੱਲੋ ਕਲੱਬ ਵਲੋਂ ਬੱਫਰਜ਼ ਪਾਰਕ ਤੇ ਬੀਚ ਦਾ ਟੂਰ





(ਹਰਜੀਤ ਬੇਦੀ): ਪਿਛਲੇ ਐਤਵਾਰ ਬਰੈਂਪਟਨ ਦੀ ਸਰਗਰਮ ਰੈਂਡ ਵਿੱਲੋ ਸੀਨੀਅਰਜ਼ ਕਲੱਬ ਵਲੋਂ ਬੱਫਰਜ਼ ਪਾਰਕ ਅਤੇ ਬੀਚ ਸਕਾਰਬਰੋਅ ਦਾ ਟੂਰ ਕਲੱਬ ਦੇ ਵਾਈਸ ਪਰਧਾਨ ਅਮਰਜੀਤ ਸਿੰਘ ਦੀ ਅਗਵਾਈ ਵਿੱਚ ਲਾਇਆ ਗਿਆ। ਸਵੇਰੇ 9:30 ਦੇ ਕਰੀਬ ਰੈਂਡ ਵਿੱਲੋ ਪਾਰਕ ਤੋਂ ਕਲੱਬ ਦੇ ਪਰਧਾਨ ਗੁਰਨਾਮ ਸਿੰਘ ਗਿੱਲ ਅਤੇ ਰੀਜਨਲ ਕੌਂਸਲਰ ਪੈਟ ਫੋਰਟੀਨੀ ਨੇ ਦੋ ਬੱਸਾਂ ਵਿੱਚ ਸਵਾਰ ਪੰਜਾਹ ਦੇ ਕਰੀਬ ਕਲੱਬ ਦੇ ਸੀਨੀਅਰਜ਼ ਮਰਦ ਅਤੇ ਔਰਤਾਂ ਨੂੰ ਟੂਰ ਲਈ ਰਵਾਨਾ ਕੀਤਾ। ਕੋਵਿਡ ਕਾਰਣ ਲੰਬਾ ਸਮਾਂ ਕੋਈ ਸਾਂਝੀ ਸਰਗਰਮੀ ਨਾ ਹੋਣ ਕਾਰਣ ਟੂਰ ਤੇ ਜਾ ਰਹੇ ਮੈਂਬਰਾਂ ਵਿੱਚ ਬਹੁਤ ਹੀ ਉਤਸ਼ਾਹ ਸੀ। ਬੱਸਾਂ ਚੱਲਣ ਸਮੇਂ ਵਿੱਚ ਟੂਰ ਤੇ ਜਾ ਰਹੇ ਮੈਂਬਰਾਂ ਨੇ ਜੈਕਾਰੇ ਛੱਡ ਕੇ ਆਪਣੀ ਖੁਸ਼ੀ ਦਾ ਪਰਗਟਾਵਾ ਕੀਤਾ। ਸੀਨੀਅਰਜ਼ ਦਾ ਇਹ ਗਰੁੱਪ ਤਕਰੀਬਨ ਇੱਕ ਘੰਟੇ ਵਿੱਚ ਬੱਫਰਜ਼ ਪਾਰਕ ਵਿੱਚ ਪਹੁੰਚ ਗਿਆ ।

ਕਲੱਬ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਵਲੋਂ ਦਿੱਤੀ ਜਾਣਕਾਰੀ ਮੁਤਾਬਕ ਕਾਰੋਨਾ ਵਾਇਰਸ ਕਾਰਣ ਲੱਗੀਆਂ ਪਾਬੰਦੀਆਂ ਵਿੱਚ ਢਿੱਲ ਮਿਲਣ ਤੇ ਇਹ ਪਹਿਲਾ ਟੂਰ ਸੀ। ਲੰਬੇ ਸਮੇਂ ਬਾਦ ਗਰੁੱਪ ਵਿੱਚ ਘੁੰਮਣ ਦਾ ਮੌਕਾ ਮਿਲਣ ਤੇ ਮੈਂਬਰਾਂ ਨੇ ਸਭ ਤੋਂ ਪਹਿਲਾਂ ਪਾਰਕ ਵਿੱਚ ਘੁੰਮ ਫਿਰ ਕੇ ਕੁਦਰਤੀ ਨਜਾਰਿਆਂ ਦਾ ਆਨੰਦ ਮਾਣਿਆ। ਬਹੁਤ ਸਾਰੇ ਸੀਨੀਅਰਜ਼ ਨੇ ਇੱਕ ਦੂਜੇ ਨੂੰ ਚਿਰ ਬਾਦ ਮਿਲਣ ਕਰ ਕੇ ਆਪਸ ਵਿੱਚ ਦੁੱਖ ਸੁੱਖ ਸਾਂਝੇ ਕੀਤੇ। ਕਈ ਮੈਂਬਰ ਤਾਸ਼ ਖੇਡ ਕੇ ਵੀ ਦਿਲ ਪਰਚਾਵਾ ਕਰ ਰਹੇ ਸਨ।

ਸੁੰਦਰ ਪਾਰਕ ਦੇ ਖੁੱਲ੍ਹੇ ਮਾਹੌਲ ਵਿੱਚ ਬੀਬੀਆਂ ਨੇ ਆਪਣੇ ਸੱਭਿਆਚਾਰ ਤੇ ਬਚਪਨ ਨੂੰ ਯਾਦ ਕਰਦੇ ਹੋਏ ਗਿੱਧਾ ਤੇ ਬੋਲੀਆਂ ਪਾ ਕੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਸੋਲਾਂ ਸਾਲ ਦੀ ਉਮਰ ਵਿੱਚ ਮਿਸ ਕਨੇਡਾ ਬਣੀ ਅੰਸ਼ਪ੍ਰੀਤ ਦੀ ਆਪਣੀ ਮਾਤਾ ਨਾਲ ਇਸ ਰੰਗਾ ਰੰਗ ਪਰੋਗਰਾਮ ਵਿੱਚ ਸ਼ਮੂਲੀਅਤ ਨੇ ਇਸ ਨੂੰ ਚਾਰ ਚੰਦ ਲਾ ਕੇ ਹੋਰ ਵੀ ਆਨੰਦਮਈ ਬਣਾ ਦਿੱਤਾ।

ਦੋ ਵਜੇ ਦੇ ਕਰੀਬ ਸਾਰੇ ਮੈਂਬਰਾਂ ਨੇ ਇੱਕ ਥਾਂ ਇਕੱਠੇ ਹੋ ਕੇ ਆਪੋ ਆਪਣੇ ਘਰਾਂ ਤੋਂ ਲਿਆਂਦੇ ਭੋਜਨ ਦਾ ਆਨੰਦ ਮਾਣਿਆਂ। ਇਸ ਉਪਰੰਤ ਸਾਰੇ ਬੱਸਾਂ ਵਿੱਚ ਸਵਾਰ ਹੋ ਕੇ ਪੰਜ ਕੁ ਮਿੰਟ ਵਿੱਚ ਬੱਫਰਜ਼ ਬੀਚ ਤੇ ਪਹੁੰਚ ਗਏ। ਬੀਚ ਤੇ ਵੱਖ ਵੱਖ ਭਾਈਚਾਰਿਆਂ ਦੇ ਲੋਕ ਪਹੁੰਚੇ ਹੋਏ ਸਨ। ਉਹਨਾਂ ਦੇ ਵੱਖ ਵੱਖ ਪਹਿਰਾਵੇ, ਰੰਗ , ਨਸਲ ਆਦਿ ਕਨੇਡਾ ਦੇ ਬਹੁ-ਸਭਿਆਚਾਰਕ ਸਮਾਜ ਦਾ ਪਰਤੱਖ ਸਬੂਤ ਸੀ। ਕਲੱਬ ਮੈਂਬਰਾਂ ਨੇ ਕਾਫੀ ਸਮਾਂ ਨੀਲੇ ਪਾਣੀਆਂ ਦੇ ਕਿਨਾਰੇ ਘੁੰਮ ਕੇ ਕੁਦਰਤੀ ਦ੍ਰਿਸ਼ਾਂ ਦਾ ਆਨੰਦ ਮਾਣਿਆ। ਲੇਕ ਦੇ ਸਾਹਮਣੇ ਉਚੇ ਉੱਚੇ ਪਹਾੜ ਬਹੁਤ ਹੀ ਰਮਣੀਕ ਨਜ਼ਾਰਾ ਪੇਸ ਕਰ ਰਹੇ ਸਨ। ਅਜਿਹੇ ਸੁੰਦਰ ਦ੍ਰਿਸ਼ ਦੇਖ ਕੇ ਸਾਰੇ ਮਾਨਸਿਕ ਤੌਰ ਤੇ ਤਰਿਪਤ ਦਿਖਾਈ ਦੇ ਰਹੇ ਸਨ।

ਅਖੀਰ ਸ਼ਾਮ ਛੇ ਕੁ ਵਜੇ ਵਾਪਸੀ ਲਈ ਚਾਲੇ ਪਾ ਦਿੱਤੇ। ਰਾਸਤੇ ਵਿੱਚ ਟਿੱਮ ਹੌਰਟਨ ਤੋਂ ਸਾਰੇ ਮੈਂਬਰਾਂ ਨੂੰ ਕੌਫੀ ਪਿਆਈ ਗਈ। ਰਾਸਤੇ ਵਿੱਚ ਬੀਚ ਅਤੇ ਪਾਰਕ ਦੀ ਸੁੰਦਰਤਾ ਬਾਰੇ ਗੱਲਾਂ ਕਰਦੇ ਹੋਏ ਸਫਰ ਮੁੱਕਣ ਦਾ ਪਤਾ ਹੀ ਨਾ ਲੱਗਾ। ਬੱਸਾਂ ਤੋਂ ਉੱਤਰ ਕੇ ਕੁਦਰਤ ਦੇ ਸੁੰਦਰ ਨਜਾਰਿਆਂ ਨੂੰ ਮਨਾਂ ਵਿੱਚ ਸਮੇਟਦੇ ਹੋਏ ਅਤੇ ਅਜਿਹਾ ਹੀ ਹੋਰ ਟੂਰ ਲਾਉਣ ਦੀ ਇੱਛਾ ਰਖਦੇ ਹੋਏ ਆਪੋ ਆਪਣੇ ਆਲ੍ਹਣਿਆ ਵਿੱਚ ਜਾ ਪਹੁੰਚੇ।

# ਮੈਂ ਸਮਾਜਿਕ-ਪ੍ਰਾਣੀ ਹਾਂ, ਜੇਕਰ ਸਮਾਜ ਮੇਰੀ ਕਵਿਤਾ ਸਮਾਜ ਨੂੰ ਪ੍ਰਵਾਨ ਨਹੀਂ ਕਰਦਾ ਤਾਂ ਮੇਰੀ ਕਵਿਤਾ ਸਮਾਜਿਕ ਨਹੀਂ : ਜਗਜੀਤ ਸੰਧੂ

*** ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਗ਼ਜ਼ਲਗੋ ਜਗਜੀਤ ਸੰਧੂ ਨਾਲ ਜ਼ੂਮ ਸਮਾਗ਼ਮ ਰਾਹੀਂ ਰਚਾਇਆ ਦਿਲਚਸਪ ਰੂ-ਬ-ਰੂ * ਕਵੀ-ਦਰਬਾਰ ਦੌਰਾਨ ਕਵਿਤਾਵਾਂ, ਗੀਤਾਂ ਤੇ ਗ਼ਜ਼ਲਾਂ ਦੀ ਲੱਗੀ ਭਰਪੂਰ ਛਹਿਬਰ**





ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 19 ਸਤੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਕੈਨੇਡਾ ਦੇ ਉੱਘੇ ਕਵੀ ਤੇ ਗ਼ਜ਼ਲਗੋ ਜਗਜੀਤ ਸੰਧੂ ਨਾਲ ਦਿਲਚਸਪ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਆਰੰਭ ਵਿਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਮੁੱਖ-ਮਹਿਮਾਨ ਅਤੇ ਹਾਜ਼ਰੀਨ ਦਾ ਹਾਰਦਿਕ ਸੁਆਗ਼ਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਿੱਘੀ ਜੀ-ਆਇਆਂ ਕਹਿਣ ਤੋਂ ਬਾਅਦ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗ਼ਮ ਦੀ ਰੂਪ-ਰੇਖ਼ਾ ਦਰਸਾਈ ਗਈ। ਉਪਰੰਤ, ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਸਭਾ ਨੇ ਸਰਪ੍ਰਸਤ ਬਲਰਾਜ ਚੀਮਾ ਨੂੰ ਸਮਾਗ਼ਮ ਦੇ ਮੁੱਖ-ਬੁਲਾਰੇ ਜਗਜੀਤ ਸੰਧੂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਦੱਸਿਆ ਕਿ ਜਗਜੀਤ ਸੰਧੂ ਇਕ ਬੇਬਾਕ ਕਵੀ ਤੇ ਗ਼ਜ਼ਲਗੋ ਹੈ ਅਤੇ ਉਹ ਕਵਿਤਾ ਦੀ ਨਿਰੰਤਰ ਸਿਰਜਣਾ ਕਰ ਰਿਹਾ ਹੈ। ਉਨ੍ਹਾਂ ਅਨੁਸਾਰ ਸੁਰਜੀਤ ਪਾਤਰ ਅਤੇ ਜਗਜੀਤ ਸੰਧੂ ਅਜੋਕੀ ਕਵਿਤਾ ਦੇ ਮੁੱਖ-ਹਸਤਾਖ਼ਰ ਹਨ। ਜਿੱਥੇ ਪਾਤਰ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਵਿਚ ਸਰੋਤਿਆ ਤੇ ਪਾਠਕਾਂ ਨੂੰ ਸੰਬੋਧਿਤ ਹੁੰਦਾ ਹੈ, ਉੱਥੇ ਜਗਜੀਤ ਸੰਧੂ ਦੀ ਕਵਿਤਾ ਸ਼ੁੱਧ ਅਤੇ ਮੌਲਿਕ ਹੈ ਅਤੇ ਉਹ ਪੰਜਾਬੀ ਕਵਿਤਾ ਨੂੰ ਸਮੱਰਪਿਤ ਹੈ।

ਆਪਣੇ ਬਾਰੇ ਗੱਲ ਕਰਦਿਆਂ ਜਗਜੀਤ ਸੰਧੂ ਨੇ ਦੱਸਿਆ ਕਿ ਉਨ੍ਹਾਂ ਕੈਨੇਡਾ ਵਿਚ ਟ੍ਰਾਂਸਲੇਟਰ ਦੇ ਤੌਰ 'ਤੇ ਸੇਵਾਵਾਂ ਨਿਭਾਈਆਂ ਹਨ। ਉਹ ਇਸ ਸਮੇਂ ਕੈਨੇਡਾ ਦੇ ਸੂਬੇ ਮੈਨੀਟੋਬਾ ਵਿਚ ਬਤੌਰ ਸਕੂਲ ਅਧਿਆਪਕ ਸੇਵਾ ਕਰ ਰਹੇ ਹਨ ਅਤੇ ਕਵੀ ਹੋਣ ਦੇ ਨਾਤੇ ਆਪਣੇ ਖ਼ਿਆਲ ਦੇ ਨੇੜੇ ਹਨ। ਉਨ੍ਹਾਂ ਕਿਹਾ,"ਮੈ ਲਿਖਦਾ ਹਾਂ ਅਤੇ ਉਸ ਨੂੰ ਆਪਣੇ ਸਰੀਰ 'ਤੇ ਪੜ੍ਹਦਾ ਹਾਂ ਤਾਂ ਕਿ ਉਸ ਨੂੰ ਛੋਹ ਸਕਾਂ। ਮੈਨੂੰ ਕਵਿਤਾ ਉੱਤਰਦੀ ਨਹੀਂ, ਸਗੋਂ ਮੇਰਾ ਖ਼ਿਆਲ ਮੈਨੂੰ ਦੱਸਦਾ ਹੈ ਕਿ ਕੀ ਇਹ ਠੀਕ ਹੈ ਅਤੇ ਇਸ ਨੂੰ ਕਿਸ ਰੂਪ ਵਿਚ ਲਿਖਣਾ ਹੈ, ਕਵਿਤਾ, ਗੀਤ, ਗ਼ਜ਼ਲ ਜਾਂ ਹਾਈਕੂ ਵਿਚ।" ਕਲਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਕਲਾ ਸੱਭ ਤੋਂ ਪਹਿਲਾਂ ਕਲਾ ਲਈ ਹੀ ਹੁੰਦੀ ਹੈ ਅਤੇ ਫਿਰ ਉਹ ਲੋਕਾਂ ਲਈ ਲੋਕਾਂ ਦੀ ਬਣਦੀ ਹੈ। ਇਸ ਦੌਰਾਨ ਮਨੁੱਖੀ ਅਹਿਸਾਸ ਦੇ ਬਾਰੇ ਉਨ੍ਹਾਂ ਆਪਣੀ ਗ਼ਜ਼ਲ ਦੇ ਇਕ ਸ਼ਿਅਰ ਦਾ ਹਵਾਲਾ ਦਿੰਦੇ ਹੋਏ ਕਿਹਾ:

"ਘਰੋਂ ਨਿਕਲੇ, ਸ਼ਾਲਾ! ਪਹੁੰਚਣਾ ਹੈ,
ਚਲੋ, ਅਹਿਸਾਸ ਸਾਰਾ ਪਹੁੰਚ ਦਾ ਹੈ।"

ਇਸ ਦੌਰਾਨ ਉਨ੍ਹਾਂ ਆਪਣੀਆਂ ਕੁਝ ਗ਼ਜ਼ਲਾਂ ਤੇ ਗੀਤਾਂ ਨੂੰ ਤਰੰਨਮ ਵਿਚ ਪੇਸ਼ ਕੀਤਾ। ਉਨ੍ਹਾਂ ਦੀ ਸੁਰੀਲੀ ਆਵਾਜ਼ ਨੇ ਖ਼ੂਬਸੂਰਤ ਅਹਿਸਾਸ ਤੇ ਅਲਫ਼ਾਜ਼ ਨੂੰ ਪੇਸ਼ ਕਰਨ ਵਿਚ ਸੋਨੇ 'ਤੇ ਸੁਹਾਗੇ ਵਾਲਾ ਕੰਮ ਕੀਤਾ। ਕਹਾਣੀਕਾਰ ਕੁਲਜੀਤ ਮਾਨ ਨੇ ਬੀਤੇ ਸਾਲਾਂ ਵਿਚ 'ਕਲਮਾਂ ਦੇ ਕਾਫ਼ਲੇ' ਦੀਆਂ ਮੀਟਿੰਗਾਂ ਦੇ ਦੌਰਾਨ ਜਗਜੀਤ ਸੰਧੂ, ਅਮਰਜੀਤ ਸਾਥੀ ਅਤੇ ਡਾ. ਸੁਖਪਾਲ ਨਾਲ ਜੁੜੀਆਂ ਯਾਦਾਂ ਤਾਜ਼ਾ ਕਰਦਿਆਂ ਕਿਹਾ ਕਿ ਜਗਜੀਤ ਸੰਧੂ ਦਾ ਨਾਂ ਪੋਟਿਆਂ 'ਤੇ ਗਿਣਨਯੋਗ ਚੰਗੇ ਇਨਸਾਨਾਂ ਵਿਚ ਆਉਂਦਾ ਹੈ ਅਤੇ ਉਸ ਦੀ ਕਵਿਤਾ ਮੌਲਿਕ ਹੈ ਅਤੇ ਇਹ ਅਹਿਸਾਸ ਨਾਲ ਭਰਪੂਰ ਹੈ। ਡਾ. ਜਗਮੋਹਨ ਸਿੰਘ ਸੰਘਾ, ਡਾ. ਸੁਖਦੇਵ ਸਿੰਘ ਝੰਡ, ਸੁਖਦੇਵ ਸਿੰਘ ਬੇਦੀ, ਲਖਬੀਰ ਸਿੰਘ ਕਾਹਲੋਂ, ਤਲਵਿੰਦਰ ਮੰਡ ਅਤੇ ਕਰਨ ਅਜਾਇਬ ਸਿੰਘ ਸੰਘਾ ਨੇ ਜਗਜੀਤ ਸੰਧੂ ਨੂੰ ਉਨ੍ਹਾਂ ਦੀ ਕਾਵਿ-ਲੇਖਣੀ ਅਤੇ ਅਜੋਕੀ ਪੰਜਾਬੀ ਕਵਿਤਾ ਬਾਰੇ ਸੁਆਲ ਕੀਤੇ ਜਿਨ੍ਹਾਂ ਦੇ ਜੁਆਬ ਜਗਜੀਤ ਸੰਧੂ ਵੱਲੋਂ ਵਿਸਥਾਰ ਪੂਰਵਕ ਅਤੇ ਤਸੱਲੀਬਖ਼ਸ਼ ਦਿੱਤੇ ਗਏ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਵਿਚ ਜਿੱਥੇ ਮਲੂਕ ਸਿੰਘ ਕਾਹਲੋਂ, ਲਖਬੀਰ ਸਿੰਘ ਕਾਹਲੋਂ, ਤਰਲੋਚਨ ਸਿੰਘ ਔਜਲਾ, ਗਿਆਨ ਸਿੰਘ ਦਰਦੀ, ਨਿਰਵੈਰ ਸਿੰਘ ਅਰੋੜਾ, ਸੁਖਦੇਵ ਸਿੰਘ ਬੇਦੀ, ਸੁਖਦੇਵ ਸਿੰਘ ਝੰਡ, ਮਕਸੂਦ ਚੌਧਰੀ, ਡਾ. ਜਗਮੋਹਨ ਸੰਘਾ, ਪਿਆਰਾ ਸਿੰਘ ਕੁੱਦੋਵਾਲ, ਪਰਮਜੀਤ ਢਿੱਲੋਂ, ਪਰਮਜੀਤ ਸਿੰਘ ਗਿੱਲ, ਹਰਜਸਪ੍ਰੀਤ ਗਿੱਲ, ਕਰਨ ਅਜਾਇਬ ਸਿੰਘ ਸੰਘਾ, ਹਰਦਿਆਲ ਸਿੰਘ ਝੀਤਾ, ਜਗਜੀਤ ਸੰਧੂ ਅਤੇ ਤਲਵਿੰਦਰ ਮੰਡ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਨਾਲ ਸੰਜੀਦਾ ਕਾਵਿਕ ਮਾਹੌਲ ਸਿਰਜਿਆ, ਉੱਥੇ ਇਕਬਾਲ ਬਰਾੜ ਦੇ ਸੁਰੀਲੇ ਗੀਤਾਂ ਨੇ ਇਸ ਨੂੰ ਖ਼ੂਬਸੂਰਤ ਸੰਗੀਤਕ ਰੰਗ ਬਖ਼ਸ਼ਿਆ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਮੁੱਖ-ਬੁਲਾਰੇ ਜਗਜੀਤ ਸੰਧੂ ਅਤੇ ਸਮਾਗਖਮ ਵਿਚ ਹਾਜ਼ਰ ਮੈਂਬਰਾਂ ਤੇ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿਚ ਡਾ. ਅਮਰਜੀਤ ਸਿੰਘ ਬਨਵੈਤ, ਨਛੱਤਰ ਸਿੰਘ ਬਦੇਸ਼ਾ, ਰਮਿੰਦਰ ਵਾਲੀਆ, ਪਰਮਜੀਤ ਦਿਓਲ, ਰਿੰਟੂ ਭਾਟੀਆ ਤੇ ਕਈ ਹੋਰਨਾਂ ਨੇ ਸ਼ਮੂਲੀਅਤ ਕੀਤੀ।

# ਚੰਨੀ ਵੱਲੋਂ ਮੁੱਖ ਮੰਤਰੀ ਬਣਨ ਤੋਂ ਮਸਾਂ 2 ਦਿਨ ਬਾਅਦ ਹੀ ਕੈਪਟਨ ਨੂੰ



ਬਟਾਲਾ, 22 ਸਤੰਬਰ, (ਪੋਸਟ ਬਿਊਰੋ)- ਪਿਛਲੇ ਦਿਨੀਂ ਹੋਏ ਕੈਪਟਨ-ਬਾਜਵਾ ਸਮਝੌਤੇ ਅਧੀਨ 31 ਅਗਸਤ ਨੂੰ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਵਲੋਂ ਥਾਪੇ ਇੰਪਰੂਵਮੈਂਟ ਟਰੱਸਟ ਬਟਾਲਾ ਦੇ ਚੇਅਰਮੈਨ ਪਵਨ ਕੁਮਾਰ ਪੰਮਾ ਨੂੰ ਅੱਜ ਪੰਜਾਬ ਸਰਕਾਰ ਨੇ ਹਟਾ ਦਿੱਤਾ ਹੈ। ਇਸ ਦੀ ਥਾਂ ਬਟਾਲਾ ਦੇ ਪਹਿਲਾਂ ਰਹੇ ਚੇਅਰਮੈਨ ਤੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਨੇੜਲੇ ਕਸਤੂਰੀ ਲਾਲ ਸੇਠ ਨੂੰ ਫਿਰ ਇੰਪਰੂਵਮੈਂਟ ਦਾ ਚੇਅਰਮੈਨ ਲਾ ਦਿੱਤਾ ਹੈ। ਦੂਸਰੇ ਪਾਸੇ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਨੂੰ ਓਦੋਂ ਵੱਡਾ ਝਟਕਾ ਲੱਗਾ, ਜਦੋਂ ਅੰਮ੍ਰਿਤਸਰ ਤੋਂ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦੀ ਥਾਂ ਨਵਾਂ ਚੇਅਰਮੈਨ ਲਾ ਦਿੱਤਾ ਗਿਆ। ਅੱਜ ਸਵੇਰੇ ਪਾਰਟੀ ਦੇ ਫ਼ੈਸਲੇ ਅਨੁਸਾਰ ਇੰਪ੍ਰੂਰਵਮੈਂਟ ਟਰੱਸਟ ਦੇ ਚੇਅਰਮੈਨ ਦਿਨੇਸ਼ ਬੱਸੀ ਨੂੰ ਬਦਲ ਕੇ ਨਵੇਂ ਚੇਅਰਮੈਨ ਦਮਨ ਉੱਪਲ ਨੂੰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਤੇ ਪੰਜਾਬ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਹਾਜ਼ਰੀ ਵਿਚ ਨਿਯੁਕਤੀ ਪੱਤਰ ਦਿੱਤਾ ਗਿਆ। ਦਮਨ ਉੱਪਲ ਨਵਜੋਤ ਸਿੰਘ ਸਿੱਧੂ ਦੇ ਬੇਹੱਦ ਕਰੀਬੀ ਦੱਸੇ ਜਾਂਦੇ ਹਨ।ਦਮਨਦੀਪ ਸਿੰਘ ਉਪਲ ਵਾਰਡ ਨੰਬਰ 26 ਤੋਂ ਕੌਂਸਲਰ ਹਨ, ਜੋ ਵਿਧਾਇਕ ਨਵਜੋਤ ਸਿੰਘ ਸਿੱਧੂ ਦੀ ਦੇ ਹਲਕੇ ਪੂਰਬੀ ਵਿੱਚ ਹੈ।

# ਕੋਰੋਨਾ ਵਾਇਰਸ ਦੇ ਨਾਲ ਮਰੇ ਲੋਕਾਂ ਦੇ ਵਾਰਸਾਂ ਨੂੰ 50 ਹਜ਼ਾਰ ਰੁਪਏ ਮੁਆਵਜ਼ਾ ਮਿਲੇਗਾ

## * ਭਾਰਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਗਾਈਡਲਾਈਨਜ਼ ਸੌਂਪੀਆਂ



ਨਵੀਂ ਦਿੱਲੀ, 22 ਸਤੰਬਰ, (ਪੋਸਟ ਬਿਊਰੋ)- ਕੋਰੋਨਾ ਇਨਫੈਕਸ਼ਨ ਨਾਲ ਮਰਨ ਵਾਲਿਆਂ ਦੇ ਵਾਰਸਾਂ ਨੂੰ 50 ਹਜ਼ਾਰ ਰੁਪਏ ਮੁਆਵਜ਼ਾ ਰਾਸ਼ੀ ਮਿਲ ਸਕਦੀ ਹੈ। ਇਹ ਰਾਸ਼ੀ ਸਰਕਾਰੀ ਆਫਤ ਰਿਲੀਫ ਫੰਡ ਵਿੱਚੋਂ ਦਿੱਤੀ ਜਾਵੇਗੀ ਤੇ ਸਬੰਧਤ ਪਰਿਵਾਰ ਦੇ ਮੈਂਬਰ ਦੇ ਆਧਾਰ ਕਾਰਡ ਨਾਲ ਜੁੜੇ ਖਾਤੇ ਵਿੱਚ ਸਿੱਧੀਭੇਜੀ ਜਾਵੇਗੀ।

ਨੈਸ਼ਨਲ ਆਫਤ ਮੈਨੇਜਮੈਂਟ ਅਥਾਰਟੀ (ਐੱਨਡੀਐੱਮਏ) ਵਲੋਂ ਤਿਆਰ ਕੀਤੀਆਂ ਇਨ੍ਹਾਂ ਗਾਈਡਲਾਈਨਜ਼ ਨੂੰ ਭਾਰਤ ਦੇ ਗ੍ਰਹਿ ਮੰਤਰਾਲੇ ਨੇ ਸੁਪਰੀਮ ਕੋਰਟ ਵਿੱਚ ਪੇਸ਼ ਕੀਤਾ ਹੈ।ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕੋਰੋਨਾ ਨਾਲ ਹੋਈਆਂ ਮੌਤਾਂ ਲਈ ਮੁਆਵਜ਼ਾ ਰਾਸ਼ੀ ਦੇਣ ਬਾਰੇ ਗਾਈਡਲਾਈਨਜ਼ ਬਣਾਉਣ ਨੂੰ ਕਿਹਾ ਸੀ। ਕੋਰਟ ਵਿੱਚ ਪੇਸ਼ ਕੀਤੀਆਂ ਗਾਈਡਲਾਈਨਜ਼ ਮੁਤਾਬਕ ਕੋਰੋਨਾ ਨਾਲ ਮਰਨ ਵਾਲਿਆਂ ਦੇ ਵਾਰਸਾਂ ਨੂੰ ਮੁਆਵਜ਼ਾ ਰਾਸ਼ੀ ਦੇਣ ਦਾ ਫ਼ੈਸਲਾ ਮੌਤ ਦੇ ਸਰਟੀਫਿਕੇਟ ਤੇ ਹੋਰ ਦਸਤਾਵੇਜ਼ਾਂ ਦੀ ਜਾਂਚ ਮਗਰੋਂ ਜ਼ਿਲ੍ਹਾ ਆਫਤ ਮੈਨੇਜਮੈਂਟ ਅਥਾਰਟੀ ਕਰੇਗੀਅਤੇ ਮੁਆਵਜ਼ਾ ਰਾਸ਼ੀ ਸਟੇਟ ਆਫਤ ਰਿਲੀਫ ਫੰਡ ਤੋਂ ਦਿੱਤੀ ਜਾਵੇਗੀ।ਸਰਕਾਰ ਨੇ ਕੋਰਟ ਵਿੱਚਕਿਹਾ ਹੈ ਕਿ ਕੋਰੋਨਾ ਵਾਲੀਆਂ ਮੌਤਾਂ ਦੀ ਵੱਖਰੀ ਰਜਿਸਟ੍ਰੇਸ਼ਨ ਦੇਨਿਰਦੇਸ਼ ਜਾਰੀ ਕੀਤੇ ਗਏ ਹਨ ਤੇ ਮੁਆਵਜ਼ਾ ਰਾਸ਼ੀ ਵੀ ਉਨ੍ਹਾਂ ਬਾਰੇ ਮੌਤ ਦੇ ਸਰਟੀਫਿਕੇਟ ਨਾਲਦਿੱਤੀ ਜਾਵੇਗੀ। ਕਿਸੇ ਵਿਅਕਤੀ ਦੀ ਕੋਰੋਨਾ ਨਾਲ ਮੌਤ ਬਾਰੇ ਵਿਵਾਦ ਦੀ ਹਾਲਤ ਵਿੱਚਜ਼ਿਲ੍ਹਾ ਪੱਧਰੀ ਸ਼ਿਕਾਇਤ ਕਮੇਟੀ ਫ਼ੈਸਲਾ ਕਰੇਗੀ। ਕਮੇਟੀ ਵਿੱਚ ਐਡੀਸ਼ਨਲ ਜ਼ਿਲ੍ਹਾ ਅਧਿਕਾਰੀ,ਚੀਫ ਮੈਡੀਕਲ ਅਫਸਰਅਤੇ ਇਕ ਮਾਹਰ ਦੇ ਨਾਲ ਉਸ ਜ਼ਿਲ੍ਹੇ ਵਿਚਲੇ ਮੈਡੀਕਲ ਕਾਲਜ ਦੇ ਮੈਡੀਸਨ ਵਿਭਾਗ ਦੇ ਮੁਖੀ ਸ਼ਾਮਲ ਹੋਣਗੇ। ਮੁਆਵਜ਼ਾ ਰਾਸ਼ੀ ਦੇ ਦਾਅਵੇ ਲਈ ਰਾਜ ਸਰਕਾਰਾਂ ਇਕ ਫਾਰਮ ਜਾਰੀ ਕਰਨਗੀਆਂ ਤੇ ਉਸ ਦੇ ਸਬੰਧਤ ਦਸਤਾਵੇਜ਼ ਜ਼ਿਲ੍ਹਾ ਅਧਿਕਾਰੀ ਨੂੰ ਜਮ੍ਹਾਂ ਕਰਾਉਣੇ ਹੋਣਗੇ।ਫਾਰਮ ਤੇ ਦਸਤਾਵੇਜ਼ ਜਮ੍ਹਾਂ ਹੋਣ ਤੋਂ 30 ਦਿਨਾਂ ਦੇ ਅੰਦਰ ਮੁਆਵਜ਼ਾ ਰਾਸ਼ੀ ਦਾ ਭੁਗਤਾਨ ਕਰਨਾ ਪਵੇਗਾ।

# ਸੰਯੁਕਤ ਕਿਸਾਨ ਮੋਰਚੇ ਦੇ 'ਭਾਰਤ ਬੰਦ' ਦੇ ਸੱਦੇ ਦੀ ਹਮਾਇਤ ਵਿਚ ਕਿਸਾਨ ਸਪੋਰਟ ਕਮੇਟੀ ਬਰੈਂਪਟਨ ਵੱਲੋਂ ਰੈਲੀ 27 ਸਤੰਬਰ ਨੂੰ




ਬਰੈਂਪਟਨ, (ਡਾ. ਝੰਡ) -ਭਾਰਤ ਵਿਚ ਚੱਲ ਰਹੇ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਬਰੈਂਪਟਨ ਵਿਚ ਵਿਚਰ ਰਹੀ ਕਿਸਾਨ ਸਪੋਰਟ ਕਮੇਟੀ ਦੀ ਕਾਰਜਕਾਰਨੀ ਦੇ 11 ਸਤੰਬਰ ਦੇ ਫ਼ੈਸਲੇ ਅਨੁਸਾਰ ਸੰਯੁਕਤ ਕਿਸਾਨ ਮੋਰਚੇ ਵੱਲੋਂ 27 ਸਤੰਬਰ ਦੇ 'ਭਾਰਤ ਬੰਦ' ਦੇ ਸੱਦੇ 'ਤੇ ਅਮਲ ਕਰਦੇ ਹੋਏ ਉਸ ਦਿਨ ਸ਼ਾਮ ਦੇ 6.00 ਵਜੇ 'ਸ਼ੌਪਰਜ਼ ਵੱਰਲਡ' ਦੇ ਸਾਹਮਣੇ ਪਾਰਕਿੰਗ ਵਿਚ ਵੱਡੀ ਰੈਲੀ ਕੀਤੀ ਜਾਏਗੀ। ਕਮੇਟੀ ਦੇ ਨੁਮਾਇੰਦੇ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਇਸ ਬਾਰੇ ਗੱਲਬਾਤ ਕਰਦਿਆਂ ਹੋਇਆਂ ਦੱਸਿਆ ਕਿ ਕੈਨੇਡਾ ਵਿਚ 20 ਸਤੰਬਰ ਨੂੰ ਫ਼ੈੱਡਰਲ ਚੋਣਾਂ ਹੋ ਜਾਣ ਉਪਰੰਤ ਕਿਸਾਨ ਸਪੋਰਟ ਕਮੇਟੀ ਨਾਲ ਸਬੰਧਿਤ ਜੱਥੇਬੰਦੀਆਂ ਦੇ ਮੈਂਬਰਾਂ ਵੱਲੋਂ ਇਸ ਸਬੰਧੀ ਹੁਣ ਸਰਗ਼ਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਵੱਲੋਂ ਇਸ ਦੀ ਜਾਣਕਾਰੀ ਵੱਖ-ਵੱਖ ਪ੍ਰਕਾਰ ਦੇ ਮੀਡੀਏ ਅਤੇ ਸੋਸ਼ਲ ਮੀਡੀਏ ਉੱਪਰ ਸਾਂਝੀ ਕੀਤੀ ਜਾ ਰਹੀ ਹੈ। ਉਨ੍ਹਾਂ ਵੱਲੋਂ ਲੋਕਾਂ ਨੂੰ ਇਸ ਰੈਲੀ ਵਿਚ ਸ਼ਮੂਲੀਅਤ ਕਰਨ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ।

ਮੀਟਿੰਗ ਵਿਚ ਲਏ ਗਏ ਫ਼ੈਸਲੇ ਅਨੁਸਾਰ ਦਵਿੰਦਰ ਤੂਰ ਅਤੇ ਡਾ. ਹਰਦੀਪ ਸਿੰਘ ਵੱਲੋਂ ਤਿਆਰ ਕੀਤਾ ਗਿਆ ਪੋਸਟਰ ਵੱਡੀ ਗਿਣਤੀ ਵਿਚ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਹਰਿੰਦਰਪਾਲ ਹੁੰਦਲ ਵੱਲੋਂ ਫੇਸਬੁੱਕ ਈਵੈਂਟ ਤਿਆਰ ਕਰ ਦਿੱਤੀ ਗਈ ਹੈ। ਕਾਮਰੇਡ ਸ਼ਮਸ਼ਾਦ ਸ਼ਮਸ ਵੱਲੋਂ ਪੁਲੀਸ ਨੂੰ ਲੋੜੀਂਦੀ ਜਾਣਕਾਰੀ ਦੇ ਦਿੱਤੀ ਗਈ ਹੈ। ਬੁਲਾਰਿਆਂ ਨੂੰ ਵਾਰੀ ਸਿਰ ਬੁਲਾਉਣ ਦੀ ਜ਼ਿੰਮੇਂਵਾਰੀ ਪ੍ਰੋ. ਜਗੀਰ ਸਿੰਘ ਕਾਹਲੋਂ ਨੂੰ ਸੌਂਪੀ ਗਈ ਹੈ। ਕਮੇਟੀ ਨੇ ਇਕ ਪ੍ਰੈਸ ਬਿਆਨ ਰਾਹੀਂ ਜੀ.ਟੀ.ਏ. ਦੇ ਸਮੂਹ ਕਿਸਾਨ ਸੰਘਰਸ਼ ਹਮਾਇਤੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਇਸ ਰੈਲੀ ਵਿਚ ਸ਼ਾਮਲ ਹੋਣ। ਇਨ੍ਹਾਂ ਦਿਨਾਂ ਵਿਚ ਇਲੈੱਕਟ੍ਰਾਨਿਕ ਮੀਡੀਏ ਰਾਹੀਂ ਵੀ ਇਸ ਸਬੰਧੀ ਅਪੀਲਾਂ ਕੀਤੀਆਂ ਜਾਣਗੀਆਂ।

ਇਸ ਦੇ ਬਾਰੇ ਵਧੇਰੇ ਜਾਣਕਾਰੀ ਲਈ ਦਵਿੰਦਰ ਤੂਰ (416-902-9372), ਹਰਪ੍ਰਮਿੰਦਰ ਗ਼ਦਰੀ (416-625-4363), ਬਲਦੇਵ ਸਿੰਘ ਬਰਾੜ (437-982-5202), ਸੁਰਜੀਤ ਕੌਰ (416-605-3784), ਹਰਜਸਪ੍ਰੀਤ ਕੌਰ (416-930-5676), ਦੇਵ ਢੀਂਡਸਾ (416-560-5641), ਹਰਜੀਤ ਸਿੰਘ ਗਿੱਲ (647-542-0007) ਅਤੇ ਹਰਿੰਦਰਪਾਲ (647-818-6880) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

# ਕੋਟਕਪੂਰਾ ਗੋਲ਼ੀ ਕਾਂਡ ਦੀ ਜਾਂਚ ਟੀਮ ਦੇ ਏਡੀਜੀਪੀ ਪ੍ਰਬੋਧ ਕੁਮਾਰ ਨੇ ਕੇਂਦਰੀ ਡੈਪੂਟੇਸ਼ਨ ਮੰਗਿਆ



ਚੰਡੀਗੜ੍ਹ, 22 ਸਤੰਬਰ, (ਪੋਸਟ ਬਿਊਰੋ)- ਅਕਾਲੀ ਭਾਜਪਾ ਸਰਕਾਰ ਦੌਰਾਨ ਹੋਏ ਕੋਟਕਪੂਰਾ ਤੇ ਬਹਿਬਲਕਲਾਂ ਗੋਲ਼ੀਕਾਂਡ ਦੀ ਜਾਂਚ ਲਈ ਬਣਾਈ ਗਈ ਪੰਜ ਮੈਂਬਰੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ ਆਈ ਟੀ) ਦੇ ਮੁਖੀ ਰਹਿ ਚੁੱਕੇ ਐਡੀਸ਼ਨਲ ਡੀ ਜੀ ਪੀ ਪ੍ਰਬੋਧ ਕੁਮਾਰ ਨੇ ਕੇਂਦਰੀ ਡੈਪੂਟੇਸ਼ਨ ਉੱਤੇ ਜਾਣ ਦੀ ਇਜਾਜ਼ਤ ਮੰਗੀ ਹੈ।

ਪੰਜਾਬ ਸਰਕਾਰ ਦੇ ਹੋਮ ਡਿਪਾਰਟਮੈਂਟ ਰਾਹੀਂ ਭੇਜੀ ਗਈ ਚਿੱਠੀ ਨੂੰ ਇਸ ਵਿਭਾਗ ਨੇ ਆਪਣੀ ਨੋਟ ਲਾ ਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰਭੇਜ ਦਿੱਤਾ ਹੈ।ਐੱਸ ਆਈ ਟੀ ਦੇ ਇੱਕ ਹੋਰ ਸਾਬਕਾ ਮੈਂਬਰ ਅਤੇ ਸਾਬਕਾ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨਾਲ ਮਤਭੇਦਾਂ ਕਾਰਨ ਪ੍ਰਬੋਧ ਕੁਮਾਰ ਨੇ ਐੱਸ ਆਈ ਟੀ ਛੱਡ ਦਿੱਤੀ ਸੀ। ਉਨ੍ਹਾਂ ਦਾ ਇਸ ਵੇਲੇ ਕੇਂਦਰੀ ਡੈਪੂਟੇਸ਼ਨ ਉੱਤੇ ਜਾਣ ਦੀ ਇਜਾਜ਼ਤ ਮੰਗਣਾ ਇਸ ਲਈ ਖਾਸ ਹੈ ਕਿ ਨਵੇਂਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਾਲ ਪ੍ਰਬੋਧ ਕੁਮਾਰ ਦਾ ਵਿਰੋਧ ਕਰਨ ਵਾਲੇ ਸੁਖਜਿੰਦਰ ਸਿੰਘ ਰੰਧਾਵਾ ਡਿਪਟੀ ਮੁੱਖ ਮੰਤਰੀ ਬਣ ਗਏ ਹਨ, ਜਿਨ੍ਹਾਂ ਨੂੰ ਗ੍ਰਹਿ ਵਿਭਾਗ ਦੇਣ ਦੀ ਗੱਲ ਚੱਲ ਰਹੀ ਹੈ।ਜਾਣਕਾਰ ਸੂਤਰਾਂ ਮੁਤਾਬਕ ਪ੍ਰਬੋਧ ਕੁਮਾਰ ਕੇਂਦਰੀ ਡੈਪੂਟੇਸ਼ਨ ਉੱਤੇਭਾਰਤ ਸਰਕਾਰ ਦੇ ਨੈਸ਼ਨਲ ਕ੍ਰਾਈਮ ਬਿਊਰੋ ਵਿੱਚ ਜਾਣ ਦੇ ਚਾਹਵਾਨ ਹਨ।

ਵਰਨਣ ਯੋਗ ਹੈ ਕਿ 2015 ਵਿੱਚ ਬਹਿਬਲਕਲਾਂ ਅਤੇ ਕੋਟਕਪੂਰਾ ਗੋਲ਼ੀ ਕਾਂਡ ਨੂੰ ਮੁੱਦਾ ਬਣਾ ਕੇ ਕਾਂਗਰਸ ਸੱਤਾ ਵਿੱਚ ਆਈ ਤਾਂ ਪਹਿਲਾਂ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿੱਚ ਜਾਂਚ ਕਮਿਸ਼ਨ ਬਣਾਇਆ ਸੀ ਤੇ ਫਿਰ ਉਨ੍ਹਾਂ ਦੀ ਰਿਪੋਰਟ ਉੱਤੇ ਪ੍ਰਬੋਧ ਕੁਮਾਰ ਦੀ ਅਗਵਾਈਹੇਠਐੱਸ ਆਈ ਟੀ ਬਣਾਈ ਗਈ ਸੀ, ਜਿਸ ਵਿਚ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਸ਼ਾਮਲ ਸਨ। ਇਸ ਜਾਂਚ ਦਾ ਬਹੁਤਾ ਕੰਮ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਕੋਲ ਸੀ। ਉਨ੍ਹਾਂ ਜਿਹੜੀ ਰਿਪੋਰਟ ਤਿਆਰ ਕੀਤੀ, ਉਸ ਉੱਤੇ ਪ੍ਰਬੋਧ ਕੁਮਾਰ ਅਤੇ ਹੋਰ ਜਾਂਚਕਰਤਾਵਾਂ ਨੇ ਦਸਖ਼ਤ ਨਹੀਂ ਸੀ ਕੀਤੇ, ਕਿਉਂਕਿ ਪ੍ਰਬੋਧ ਕੁਮਾਰ ਇਸ ਨਾਲ ਸਹਿਮਤ ਨਹੀਂ ਸਨ।ਓਦੋਂ ਉਨ੍ਹਾਂ ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਨੂੰ ਇਸ ਬਾਰੇ ਅਸਹਿਮਤੀ ਪੱਤਰ ਲਿਖਿਆ ਸੀ, ਜਿਹੜਾ ਲੀਕ ਹੋ ਗਿਆ ਸੀ।ਓਦੋਂ ਦਿਨਕਰ ਗੁਪਤਾ ਛੁੱਟੀ ਉੱਤੇ ਸਨ ਅਤੇ ਡੀਜੀਪੀ ਚਾਰਜ ਡੀਜੀਪੀ ਇੰਟੈਲੀਜੈਂਸ ਵੀ ਕੇ ਭਵਰਾ ਕੋਲ ਸੀ ਅਤੇ ਉਨ੍ਹਾਂ ਨੇ ਸਾਰੇ ਐੱਸ ਆਈ ਟੀ ਅਧਿਕਾਰੀ ਬਿਠਾ ਕੇ ਗੱਲ ਕਰਵਾਈ ਸੀ।

ਇਸ ਦੇ ਬਾਅਦ ਐੱਸ ਆਈ ਟੀ ਦੀ ਰਿਪੋਰਟ ਬਾਰੇ ਪੰਜਾਬ ਸਰਕਾਰ ਨੂੰ ਅਸਲੀ ਝਟਕਾ ਮਾਰਚ ਵਿੱਚ ਲੱਗਾ ਸੀ, ਜਦੋਂ ਹਾਈ ਕੋਰਟ ਨੇ ਇਹ ਰਿਪੋਰਟ ਰੱਦ ਕਰ ਦਿੱਤੀਅਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਬਗੈਰ ਇੱਕ ਨਵੀਂ ਐੱਸ ਆਈ ਟੀ ਬਣਾਉਣ ਦੇ ਆਦੇਸ਼ ਦਿੱਤੇ ਸਨ। ਹਾਈ ਕੋਰਟ ਦੇ ਇਨ੍ਹਾਂ ਆਦੇਸ਼ਾਂ ਕਾਰਨ ਕੈਪਟਨ ਸਰਕਾਰ ਵਿੱਚ ਬਗਾਵਤ ਸ਼ੁਰੂ ਹੋ ਗਈ, ਜਿਸ ਦੀ ਅਗਵਾਈ ਸੁਖਜਿੰਦਰ ਸਿੰਘ ਰੰਧਾਵਾ ਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕੀਤੀ ਤੇ ਰੰਧਾਵਾ ਤਾਂ ਮੁੱਖ ਮੰਤਰੀ ਅਮਰਿੰਦਰ ਸਿੰਘ ਤੋਂ ਲਗਾਤਾਰ ਪ੍ਰਬੋਧ ਕੁਮਾਰ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕਰਰਹੇ ਸਨ। ਕੈਬਨਿਟ ਮੀਟਿੰਗ ਵਿੱਚ ਜਦੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਸੀ, ਉਦੋਂ ਵੀ ਰੰਧਾਵਾ ਨੇ ਇਹ ਮੁੱਦਾ ਚੁੱਕ ਕੇ ਕਿਹਾ ਸੀ ਕਿ ਪ੍ਰਬੋਧ ਕੁਮਾਰ ਦੇ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ, ਜਿਸ ਦੇ ਕਾਰਨਐੱਸ ਆਈ ਟੀ ਦੀ ਰਿਪੋਰਟ ਕਮਜ਼ੋਰ ਹੋਈ ਹੈ। ਦੂਸਰੇ ਪਾਸੇ ਕੁੰਵਰ ਵਿਜੇ ਪ੍ਰਤਾਪ ਸਿੰਘ ਪੁਲਿਸ ਸੇਵਾ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਹਨ।

## ਜਿਊਲਰ ਸ਼ਾਪ ਤੋਂ ਗਹਿਣੇ ਚੋਰੀ ਕਰ ਕੇ ਭੱਜਣ ਵਾਲੇ ਗ੍ਰਿਫ਼ਤਾਰ

ਜਲੰਧਰ, 22 ਸਤੰਬਰ (ਪੋਸਟ ਬਿਊਰੋ)- ਗੜ੍ਹਾ ਇਲਾਕੇ ਵਿੱਚ ਦਿਨ-ਦਿਹਾੜੇ ਜਿਊਲਰੀ ਸ਼ਾਪ ਤੋਂ ਸੋਨੇ ਦੀਆਂ ਦੋ ਚੇਨਾਂ ਅਤੇ ਅੰਗੂਠੀ ਲੈ ਕੇ ਭੱਜਣ ਵਾਲੇ ਮੁਲਜ਼ਮ ਸਮੇਤ ਉਸ ਦੇ ਦੋ ਸਾਥੀਆਂ ਨੂੰ ਥਾਣਾ ਨੰਬਰ ਸੱਤ ਦੀ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਇਸ ਵਾਰਦਾਤ ਵਿੱਚ ਵਰਤੀ ਗਈ ਗੱਡੀ ਵੀ ਬਰਾਮਦ ਕਰ ਲਈ ਹੈ।

13 ਸਤੰਬਰ ਨੂੰ ਦਿਨ-ਦਿਹਾੜੇ ਹੌਂਡਾ ਸਿਟੀ ਗੱਡੀ ਵਿੱਚ ਆਏ ਇੱਕ ਨੌਜਵਾਨ ਨੇ ਗੜ੍ਹਾ ਰੋਡ ਉੱਤੇ ਭਾਰਤ ਰਾਜ ਜਿਊਲਰ ਦੇ ਮਾਲਕ ਨੂੰ ਗਹਿਣੇ ਦਿਖਾਉਣ ਨੂੰ ਕਿਹਾ ਤੇ ਇਸੇ ਬਹਾਨੇ ਉਹ ਦੁਕਾਨ ਤੋਂ ਦੋ ਸੋਨੇ ਦੀਆਂ ਚੇਨਾਂ ਅਤੇ ਅੰਗੂਠੀ ਲੈ ਕੇ ਫਰਾਰ ਹੋ ਗਿਆ ਸੀ। ਇਹ ਦੋਸ਼ੀ ਆਪਣੇ ਇੱਕ ਸਾਥੀ ਸਮੇਤ ਆਇਆ ਸੀ ਅਤੇ ਸਾਥੀ ਦੁਕਾਨ ਮੂਹਰੇ ਹੌਂਡਾ ਸਿਟੀ ਗੱਡੀ ਨੂੰ ਸਟਾਰਟ ਕਰ ਕੇ ਬੈਠਾ ਹੋਇਆ ਸੀ। ਦੁਕਾਨ ਵਿੱਚੋਂ ਗਹਿਣੇ ਚੋਰੀ ਕਰਨ ਪਿੱਛੋਂ ਦੋਸ਼ੀ ਗੱਡੀ ਵਿੱਚ ਬੈਠ ਕੇ ਫਰਾਰ ਹੋ ਗਿਆ ਸੀ, ਜਿਸ ਪਿੱਛੋਂ ਥਾਣਾ ਸੱਤ ਦੀ ਪੁਲਸ ਨੇ ਦੁਕਾਨ ਮਾਲਕ ਅਨਿਲ ਭਾਰਤਰਾਜ ਦੇ ਬਿਆਨਾਂ ਉੱਤੇ ਅਣਜਾਣ ਲੋਕਾਂ ਦੇ ਖ਼ਿਲਾਫ਼ ਕੇਸ ਦਰਜ ਕਰ ਦਿੱਤਾ ਸੀ। ਪੁਲਸ ਨੇ ਸੀ ਸੀ ਟੀ ਵੀ ਫੁਟੇਜ ਨਾਲ ਦੋਸ਼ੀਆਂ ਦੀ ਪਹਿਚਾਣ ਕਰਨ ਦੇ ਬਾਅਦ ਦੇਰ ਰਾਤ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਫਿਰੌਤੀ ਲਈ ਅਗਵਾ ਦਾ ਕੇਸ ਪੁਲਸ ਨੇ 24 ਘੰਟਿਆਂ ਵਿੱਚ ਹੱਲ ਕੀਤਾ

ਹੁਸ਼ਿਆਰਪੁਰ, 22 ਸਤੰਬਰ (ਪੋਸਟ ਬਿਊਰੋ)- ਆੜ੍ਹਤੀਏ ਦੇ ਲੜਕੇ ਨੂੰ ਅਗਵਾ ਕਰਕੇ 50 ਲੱਖ ਰੁਪਏ ਫਿਰੌਤੀ ਮੰਗਣ ਦੇ ਕੇਸ ਨੂੰ 24 ਘੰਟਿਆਂ ਵਿੱਚ ਹੱਲ ਕਰ ਕੇ ਜ਼ਿਲ੍ਹਾ ਪੁਲਸ ਨੇ ਅਗਵਾਕਾਰਾਂ ਦੀ ਚੁੰਗਲ ਵਿੱਚੋਂ ਲੜਕੇ ਰਾਜਨ ਨੂੰ ਛੁਡਾਉਣ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਇਹਵਾਰਦਾਤ ਵਿਦੇਸ਼ ਬੈਠੇ ਗੈਂਗ ਦੇ ਦੇ ਇਸ਼ਾਰੇ ਕੀਤੀ ਗਈ ਸੀ। ਕਾਬੂ ਕੀਤਾ ਇੱਕ ਦੋਸ਼ੀ ਅੰਮ੍ਰਿਤਸਰ ਦੇ ਇੱਕ ਹਸਪਤਾਲ ਵਿੱਚ ਹੋਏ ਰਾਣਾ ਕੰਦੋਵਾਲੀਆ ਕਤਲ ਕੇਸ ਦਾ ਦੋਸ਼ੀ ਸੀ। ਇਸ ਬਾਰੇਪ੍ਰੈੱਸ ਕਾਨਫਰੰਸ ਦੌਰਾਨ ਜ਼ਿਲਾ ਪੁਲਸ ਮੁਖੀ ਅਮਨੀਤ ਕੌਂਡਲ ਨੇ ਦੱਸਿਆ ਕਿ ਦੋਸ਼ੀਆਂ ਵਿੱਚੋਂ ਇੱਕ ਵਰਿੰਦਰਪਾਲ ਸਿੰਘ ਉਰਫ਼ ਵਿੱਕੀ ਪੁੱਤਰ ਬਲਦੇਵ ਸਿੰਘ ਵਾਸੀ ਚੂੰਘ ਥਾਣਾ ਮਹਿਤਾ (ਅੰਮ੍ਰਿਤਸਰ), ਜੋ ਦਰਮਨ ਕਾਹਲੋਂ ਦੇ ਕਹਿਣ ਉੱਤੇ ਮੰਗੀ ਫਿਰੌਤੀ ਦੀ ਰਕਮ ਲੈਣ ਆਇਆ ਸੀ, ਨੂੰ ਪੁਲਸ ਨੇ ਸ੍ਰੀ ਹਰਗੋਬਿੰਦਪੁਰ ਨਹਿਰ ਕੋਲੋਂ ਫੜ ਲਿਆ, ਜਿਸ ਤੋਂ ਇੱਕ ਮੋਟਰਸਾਈਕਲ ਬਿਨਾਂ ਨੰਬਰੀ, ਇੱਕ ਪਿਸਤੌਲ 32 ਬੋਰ ਤੇ ਤਿੰਨ ਜ਼ਿੰਦਾ ਰੌਂਦ ਮਿਲੇ ਸਨ। ਉਨ੍ਹਾਂ ਦੱਸਿਆ ਕਿ ਪੁਲਸ ਦੇ ਦਬਾਅ ਕਾਰਨ ਅਗਵਾਕਾਰਾਂ ਨੇ ਰਾਜਨ ਨੂੰ ਸਵੇਰੇ ਤਿੰਨ ਵਜੇ ਕਸਬਾ ਖਿਲਚੀਆਂ (ਅੰਮ੍ਰਿਤਸਰ) ਨੇੜੇ ਛੱਡ ਦਿੱਤਾ, ਜਿੱਥੋਂ ਰਵਿੰਦਰਪਾਲ ਸਿੰਘ ਸੰਧੂ ਐਸ ਪੀ (ਜਾਂਚ) ਦੀ ਅਗਵਾਈਵਾਲੀ ਟੀਮ ਨੇ ਉਸ ਨੂੰ ਵਾਰਸਾਂ ਹਵਾਲੇ ਕੀਤਾ। ਰਾਜਨ ਦੀ ਕਾਰ ਪਹਿਲਾਂ ਹੀ ਨਸਰਾਲਾ ਰੋਡ ਉੱਤੇ ਪੈਂਦੀ ਸੋਨਾਲੀਕਾ ਫ਼ੈਕਟਰੀ ਕੋਲੋਂ ਬਰਾਮਦ ਕੀਤੀ ਜਾ ਚੁੱਕੀ ਹੈ।

# ਕੇਂਦਰ ਸਰਕਾਰ ਝੋਨਾ ਅਤੇ ਚੌਲ ਪੁਰਾਣੀ ਨੀਤੀ ਦੇ ਮਾਪਦੰਡਾਂ ਅਨੁਸਾਰ ਹੀ ਖ਼ਰੀਦੇਗੀ



ਫ਼ਤਿਹਗੜ੍ਹ ਸਾਹਿਬ, 22 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਨੇ ਅਕਤੂਬਰ ਵਿੱਚ ਸ਼ੁਰੂ ਹੋ ਰਹੇ ਝੋਨੇ ਦੇ ਸੀਜ਼ਨ ਦੌਰਾਨ ਝੋਨੇ ਤੇ ਚੌਲਾਂ ਦੀ ਖ਼ਰੀਦ ਪਿੱਛਲੇ ਸਾਲ ਦੀ ਨੀਤੀ ਵਾਲੇ ਸਟੈਂਡਰਡਜ਼ ਤਹਿਤ ਕਰਨ ਦਾ ਐਲਾਨ ਕੀਤਾ ਹੈ। ਕੇਂਦਰ ਦੇ ਖਪਤਕਾਰੀ ਮਾਮਲੇ ਤੇ ਖ਼ੁਰਾਕ ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਕੇਂਦਰੀ ਪੂਲ ਵਿੱਚ ਝੋਨੇ ਤੇ ਚੌਲਾਂ ਦੀ ਐਫ ਸੀ ਆਈ ਵੱਲੋਂ ਖ਼ਰੀਦ ਬਾਰੇ 2020-21 ਵਾਲੀ ਨੀਤੀ ਹੀ ਲਾਗੂ ਰਹੇਗੀ।

ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਲਈ ਕੇਂਦਰੀ ਪੂਲ ਵਿੱਚ ਝੋਨੇ ਅਤੇ ਚੌਲਾਂ ਦੀ ਖ਼ਰੀਦ ਕਰਨ ਵਾਲੀ ਫੂਡ ਕਾਰਪੋਰੇਸ਼ਨ ਆਫ਼ ਇੰਡੀਆ (ਐਫ ਸੀ ਆਈ) ਵੱਲੋਂ ਕਾਇਮ ਕੀਤੀ ਹਾਈ ਪਾਵਰ ਕਮੇਟੀ ਨੇ ਝੋਨੇ ਤੇ ਚੌਲਾਂ ਦੀ ਖ਼ਰੀਦ ਸਬੰਧੀ ਪਹਿਲਾਂ ਤੋਂ ਨਿਰਧਾਰਤ ਸਟੈਂਡਰਡਜ਼ਵਿੱਚ ਤਬਦੀਲੀ ਕਰ ਦਿੱਤੀ ਸੀ। ਇਸ ਬਾਰੇ ਪੰਜਾਬ ਸਰਕਾਰ ਅਤੇ ਸ਼ੈਲਰ ਮਾਲਕਾਂ ਨੇ ਕੇਂਦਰ ਸਰਕਾਰ ਕੋਲ ਮੁੱਦਾ ਉਠਾਇਆ ਸੀ ਅਤੇ ਕਿਸਾਨ ਜਥੇਬੰਦੀਆਂ ਨੇ ਵੀ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਕਮੇਟੀ ਵੱਲੋਂ ਸੁਝਾਏ ਨਵੇਂ ਸਟੈਂਡਰਡਜ਼ਵਿੱਚ ਕਿਸਾਨਾਂ ਰਾਹੀਂ ਮੰਡੀਆਂ ਵਿੱਚ ਆਉਣ ਵਾਲੇ ਝੋਨੇ ਦੀ ਨਮੀ ਦੀ ਮਾਤਰਾ 17 ਫ਼ੀਸਦੀ ਤੋਂ ਘਟਾ ਕੇ 16 ਫ਼ੀਸਦੀ ਕਰ ਦਿੱਤੀ ਗਈ ਅਤੇ ਬਦਰੰਗ ਦਾਣਿਆਂ ਦੀ ਮਿਕਦਾਰ 5 ਤੋਂ ਘਟਾ ਕੇ 3 ਫ਼ੀਸਦੀ ਕਰ ਦਿੱਤੀ ਗਈ ਸੀ।ਚੌਲਾਂ ਵਿੱਚਨਮੀ ਦੀ ਮਾਤਰਾ 15 ਤੋਂ ਘਟਾ ਕੇ 14 ਫ਼ੀਸਦੀ, ਟੋਟੇ ਦੀ ਮਾਤਰਾ 25 ਤੋਂ ਘਟਾ ਕੇ 20 ਫ਼ੀਸਦੀ, ਬਦਰੰਗ ਤੇ ਹਲਕੇ ਪੀਲੇ ਚੌਲਾਂ ਦੀ ਮਾਤਰਾ ਤਿੰਨ ਤੋਂ ਘਟਾ ਕੇ ਦੋ ਫ਼ੀਸਦੀ ਕਰ ਦਿੱਤੀ ਗਈ ਸੀ। ਸ਼ੈਲਰ ਮਾਲਕਾਂ ਦਾ ਕਹਿਣਾ ਸੀ ਕਿ ਇਨ੍ਹਾਂ ਨਵੇਂ ਨਿਰਧਾਰਤ ਸਟੈਂਡਰਡਜ਼ਅਨੁਸਾਰ ਨਾ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਹੋ ਸਕੇਗੀ ਅਤੇ ਨਾਂ ਸ਼ੈਲਰ ਮਾਲਕ ਚੌਲਾਂ ਦਾ ਭੁਗਤਾਨ ਕਰ ਸਕਣਗੇ।

# ਚਾਰਟਰਡ ਪਲੇਨ ਕਾਰਨ 'ਗਰੀਬਾਂ ਦੀ ਚੰਨੀ ਸਰਕਾਰ'ਪਹਿਲੇ ਦਿਨ ਹੀ ਵਿਵਾਦਾਂ ਵਿੱਚ ਘਿਰੀ

ਚੰਡੀਗੜ੍ਹ, 22 ਸਤੰਬਰ (ਪੋਸਟ ਬਿਊਰੋ)- ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ ਬਾਰੇ ਕਾਂਗਰਸ ਵਿਚਲੇ ਵਿਵਾਦ ਤੋਂ ਬਾਅਦ ਨਵੇਂ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪਹਿਲੇ ਦਿਨ ਐਲਾਨ ਕੀਤਾ ਸੀ ਕਿ ਉਹ ਅਮੀਰਾਂ ਦੇ ਨਹੀਂ, ਗ਼ਰੀਬਾਂ ਦੇ ਪ੍ਰਤੀਨਿਧੀ ਵਜੋਂ ਸਰਕਾਰ ਚਲਾਉਣਗੇ, ਪਰ ਪਹਿਲੇ ਹੀ ਦਿਨ ਚੰਨੀ ਸਰਕਾਰ ਨੂੰ ਇੱਕ ਵਿਵਾਦ ਨੇ ਘੇਰ ਲਿਆ ਹੈ। ਵਿਵਾਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਦਿੱਲੀ ਯਾਤਰਾ ਬਾਰੇ ਹੈ, ਜਿਸ ਦੀ ਇੱਕ ਤਸਵੀਰ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸ਼ੇਅਰ ਕੀਤੀ ਸੀ ਅਤੇ ਰੌਲਾ ਪੈ ਗਿਆ ਹੈ।

ਇਹ ਤਸਵੀਰ ਏਅਰਪੋਰਟ ਦੀ ਹੈ ਅਤੇ ਪ੍ਰਾਈਵੇਟ ਚਾਰਟਰਡ ਪਲੇਨ ਦੇ ਬਾਹਰ ਖੜੋ ਕੇ ਲਈ ਗਈ ਹੈ। ਵਿਰੋਧੀ ਪਾਰਟੀਆਂ ਨੇ ਇਸ ਬਾਰੇ ਮੁੱਖ ਮੰਤਰੀ ਚੰਨੀ ਉੱਤੇ ਟਿੱਪਣੀਆਂ ਕੀਤੀਆਂ ਅਤੇ ਇੱਥੋਂ ਤਕ ਕਹਿ ਦਿੱਤਾ ਹੈ ਕਿ ਕਾਂਗਰਸ ਦਾ ਕੋਈ ਵੀ ਨੇਤਾ ਹੋਵੇ, ਆਪਣੀਆਂ ਸ਼ਾਹੀ ਆਦਤਾਂ ਨਹੀਂ ਛੱਡੇਗਾ। ਪ੍ਰਾਈਵੇਟ ਚਾਰਟਰਡ ਪਲੇਨ ਵਿੱਚ ਚੰਡੀਗੜ੍ਹ ਤੋਂ ਨਵੀਂ ਦਿੱਲੀ ਦਾ ਸਫਰ ਕਰਨ ਬਾਰੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਹਿਣ ਨਾਲ ਕੋਈ ਆਮ ਆਦਮੀ ਨਹੀਂ ਬਣਦਾ, ਉਨ੍ਹਾਂ ਦੇ ਕਰਮ ਉਨ੍ਹਾਂ ਦੀ ਸ਼ਖ਼ਸੀਅਤ ਦੀ ਸੱਚਾਈ ਨੂੰ ਜ਼ਾਹਿਰ ਕਰਦੇ ਹਨ। ਚੀਮਾ ਨੇ ਕਿਹਾ ਕਿ ਇੱਕ ਦਿਨ ਪਹਿਲਾਂ ਖੁਦ ਨੂੰ ਗ਼ਰੀਬ ਆਮ ਆਦਮੀ ਦੱਸਣ ਵਾਲੇ ਚਰਨਜੀਤ ਸਿੰਘ ਚੰਨੀ ਦਾ ਅਸਲੀ ਚਿਹਰਾ ਸਾਹ-ਮਣੇ ਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਚੰਨੀ, ਸਿੱਧੂ ਅਤੇ ਰੰਧਾਵਾ ਸਪੱਸ਼ਟ ਕਰਨ ਕਿ ਕਾਂਗਰਸ ਦੀ ਹਾਈ ਕਮਾਨ ਨੂੰ ਮਿਲਣ ਲਈ ਚਾਰਟਰਡ ਜਹਾਜ਼ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚੋਂ ਕਿਰਾਏ ਉੱਤੇ ਲਿਆ ਜਾਂ ਪੰਜਾਬ ਕਾਂਗਰਸ ਦੇ ਖਜ਼ਾਨੇ ਵਿੱਚੋਂ ਜਾਂ ਕਿਸੇ ਕਾਰਪੋਰੇਟ ਜਾਂ ਮਾਫੀਆ ਨੇ ਭੇਜਿਆ ਹੈ। ਚੀਮਾ ਨੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੂੰ ਪੰਜਾਬ ਸਰਕਾਰ ਦੇ ਹੈਲੀਕਾਪਟਰ ਦੀਆਂ ਦਿੱਤੀਆਂ ਜਾਂਦੀਆਂ ਵਿਸ਼ੇਸ਼ ਸੇਵਾਵਾਂ ਨੂੰ ਸਰਕਾਰੀ ਖਜ਼ਾਨੇ ਦੀ ਲੁੱਟ ਅਤੇ ਨਿਯਮਾਂ ਦੀ ਉਲੰਘਣਾ ਕਰਾਰ ਦਿੱਤਾ ਅਤੇ ਨੁਕਤਾਚੀਨੀ ਕੀਤੀ ਹੈ।



ਦੂਸਰੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵੀ ਚਾਰਟਰਡ ਪਲੇਨ ਦੇ ਮਾਮਲੇ ਵਿੱਚ ਕਿਹਾ ਕਿ ਇੱਕ ਪਾਸੇ ਢੋਲ ਕੁੱਟਿਆ ਜਾ ਰਿਹਾ ਹੈ ਕਿ ਪੰਜਾਬ ਦਾ ਖਜ਼ਾਨਾ ਖਾਲੀ ਹੈ ਅਤੇ ਪੰਜਾਬ ਉੱਤੇ ਲੱਖਾਂ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਦੂਜੇ ਪਾਸੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਉਪ-ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਓ ਪੀ ਸੋਨੀ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਪੰਜਾਬ ਦੇ ਲੋਕਾਂ ਦੇ ਟੈਕਸ ਦੇ ਪੈਸੇ ਨੂੰ ਆਪਣੀਆਂ ਅਯਾਸ਼ੀਆਂ ਲਈ ਬਰਬਾਦ ਕਰ ਰਹੇ ਹਨ। ਸ਼ਰਮਾ ਨੇ ਕਿਹਾ ਕਿ ਪੰਜਾਬ ਕਾਂਗਰਸ ਇੱਕ ਪਾਸੇ ਸਰਕਾਰ ਅਤੇ ਮੰਤਰੀਆਂ ਦੇ ਖਰਚੇ ਘੱਟ ਕਰਨ ਦੀ ਗੱਲ ਕਹਿੰਦੀ ਹੈ ਤੇ ਦੂਜੇ ਪਾਸੇ ਨਵੇਂ ਮੁੱਖ ਮੰਤਰੀ ਚੰਨੀ ਅਤੇ ਉਨ੍ਹਾਂ ਦੇ ਸਿਪ੍ਹਸਲਾਰ ਪ੍ਰਾਈਵੇਟ ਜੈਟ ਵਿੱਚ ਯਾਤਰਾਵਾਂ ਕਰਨ ਲੱਗੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਕਲਚਰ ਹੈ ਦੇਸ਼ ਅਤੇ ਪ੍ਰਦੇਸ਼ ਨੂੰ ਬਰਬਾਦ ਕਰਨਾ ਪਰ ਭਾਜਪਾ ਅਜਿਹਾ ਨਹੀਂ ਹੋਣ ਦੇਵੇਗੀ।

ਅਕਾਲੀ ਦਲ ਨੇ ਵੀ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਟਵੀਟ ਨੂੰ ਸ਼ੇਅਰ ਕਰਦੇ ਹੋਏ ਟਿੱਪਣੀ ਕੀਤੀ ਅਤੇ ਕਿਹਾ ਹੈ ਕਿ ਪਹਿਲਾਂ ਖੁਦ ਨੂੰ ਆਮ ਆਦਮੀ ਦੇ ਨਾਲ ਖੜ੍ਹੇ ਹੋਣ ਦਾ ਢਿੰਡੋਰਾ ਪਿੱਟਣ ਵਾਲੇ ਕਾਂਗਰਸ ਲੀਡਰ ਸਿਰਫ਼ 250 ਕਿਲੋਮੀਟਰ ਲੰਬਾ ਸਫਰ ਕਰਨ ਲਈ ਨਿੱਜੀ ਜਹਾਜ਼ ਵਰਤ ਰਹੇ ਹਨ। ਅਕਾਲੀ ਦਲ ਨੇ ਕਿਹਾ ਕਿ ਕੀ ਚੰਡੀਗੜ੍ਹ ਤੋਂ ਦਿੱਲੀ ਲਈ ਕਾਰ ਦਾ ਸਫਰ ਠੀਕ ਨਹੀਂ ਅਤੇ ਜੇ ਜਲਦੀ ਜਾਣਾ ਸੀ ਤਾਂ ਕੀ ਆਮ ਲੋਕਾਂ ਲਈ ਚੱਲਣ ਵਾਲੀਆਂ ਫਲਾਈਟਾਂ ਨਹੀਂ ਸਨ? ਜਾਂ ਇਹ ਸਭ ਕੁਝ ਕਾਂਗਰਸ ਹਾਈ ਕਮਾਨ ਦੇ ਦਿੱਲੀ ਦਰਬਾਰ ਵਿੱਚ ਹਾਜ਼ਰੀ ਲਗਵਾਉਣ ਦਾ ਨਤੀਜਾ ਹੈ?

## ਘਰ ਦੀ ਛੱਤ ਡਿੱਗਣ ਨਾਲ ਦਾਦੇ-ਪੋਤੇ ਦੀ ਮੌਤ

ਚੇਤਨਪੁਰਾ, 22 ਸਤੰਬਰ (ਪੋਸਟ ਬਿਊਰੋ)- ਬੀਤੀ ਰਾਤ ਤੋਂ ਇਲਾਕੇ ਵਿੱਚ ਪੈ ਰਹੇ ਮੀਂਹ ਕਾਰਨ ਥਾਣਾ ਝੰਡੇਰ ਦੇ ਪਿੰਡ ਮਾਛੀ ਨੰਗਲ ਨੇੜੇ ਗੁੱਜਰਾਂ ਦੇ ਇੱਕ ਡੇਰੇ ਉੱਤੇ ਇੱਕ ਕਮਰੇ ਦੀ ਛੱਤ ਡਿੱਗਣ ਨਾਲ ਦਾਦੇ-ਪੋਤੇ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ ਪਤਾ ਲੱਗਾ ਹੈ।

ਇਸ ਬਾਰੇ ਮੰਗਾ ਪੁੱਤਰ ਅਲੀ ਦੀਨ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਇਲਾਕੇ ਵਿੱਚ ਮੀਂਹ ਪੈ ਰਿਹਾ ਸੀ, ਜਿਸ ਕਾਰਨ ਉਨ੍ਹਾਂ ਦੀ ਬਹਿਕ ਉੱਤੇ ਬਣੇ ਘਰ ਵਿੱਚ ਕਾਫੀ ਤਰੇੜਾਂ ਆ ਗਈਆਂ ਤੇ ਕੱਲ੍ਹ ਸਵੇਰੇ ਉਹ ਆਪਣੇ ਪਸ਼ੂਆਂ ਨੂੰ ਲੈ ਕੇ ਚਾਰਨ ਲਈ ਬਾਹਰ ਗਏ ਤਾਂ ਪਿੱਛੋਂ ਉਨ੍ਹਾਂ ਦੇ ਪਿਤਾ ਅਲੀਦੀਨ (65) ਤੇ ਪੁੱਤਰ ਫਰਿਆਦ (2) ਦੀ ਛੱਤ ਡਿੱਗਣ ਕਾਰਨ ਮਲਬੇ ਥੱਲੇ ਆਉਣ ਮੌਕੇ ਮੌਤ ਹੋ ਗਈ ਅਤੇ ਉਨ੍ਹਾਂ ਦਾ ਭਰਾ ਛਿਪਾਈ ਅਲੀ (28) ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿਖੇ ਦਾਖਲ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਛੱਤ ਡਿੱਗਣ ਨਾਲ ਉਨ੍ਹਾਂ ਦਾ ਅੰਦਰ ਪਿਆ ਜ਼ਰੂਰੀ ਸਾਮਾਨ ਵੀ ਟੁੱਟ ਭੱਜ ਗਿਆ ਹੈ।

# ਕਿੱਸਾ ਕੁਰਸੀ ਦਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਦੀ ਫ਼ੋਟੋ ਫਲੈਕਸ ਬੋਰਡਾਂ ਤੋਂ ਲੱਥਣੀ ਸ਼ੁਰੂ

ਜ਼ੀਰਕਪੁਰ, 22 ਸਤੰਬਰ (ਪੋਸਟ ਬਿਊਰੋ)- ਪੰਜਾਬੀ ਦੀ ਇਹ ਕਹਾਵਤ ਕਿ ਵਿੱਚੜ੍ਹਦੇ ਸੂਰਜ ਨੂੰ ਸਲਾਮਾਂ, ਡੁੱਬਦੇ ਨੂੰ ਕੌਣ ਪੁੱਛਦਾ' ਉਸ ਸਮੇਂ ਸੱਚ ਹੋ ਗਈ, ਜਦੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਏ ਜਾਣ ਮਗਰੋਂ ਕੈਪਟਨ ਅਮਰਿੰਦਰ ਸਿੰਘ ਦੇ ਸ਼ਹਿਰ ਵਿੱਚ ਲੱਗੇ ਫਲੈਕਸ ਬੋਰਡ ਰਾਤੋ ਰਾਤ ਗ਼ਾਇਬ ਹੋ ਗਏ ਅਤੇ ਨਵੇਂ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪੋਸਟਰ-ਬੈਨਰ ਲੱਗਣ ਸ਼ੁਰੂ ਹੋ ਗਏ। ਸ਼ਹਿਰਾਂ ਦੇ ਨਾਲ ਸਰਕਾਰੀ ਦਫ਼ਤਰਾਂ ਤੋਂ ਵੀ ਕੈਪਟਨ ਦੀ ਫ਼ੋਟੋ ਗ਼ਾਇਬ ਹੋਣ ਲੱਗੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫ਼ੇ ਪਿੱਛੋਂ ਜ਼ੀਰਕਪੁਰ ਵਿੱਚ ਰਾਤੋ ਰਾਤ ਉਨ੍ਹਾਂ ਦੇ ਬੈਨਰ, ਪੋਸਟਰ ਤੇ ਹੋਰਡਿੰਗਸ ਹਟਾਉਣ ਦਾ ਕੰਮ ਤੇਜ਼ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਜਗ੍ਹਾ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪੋਸਟਰ ਦਿਖਾਈ ਦੇਣ ਲੱਗ ਪਏ। ਏਥੇ ਕੈਪਟਨ ਅਮਰਿੰਦਰ ਸਿੰਘ ਦੇ ਸੌ ਤੋਂ ਵੱਧ ਬੋਰਡਾਂ ਨੂੰ ਉਤਾਰਿਆ ਗਿਆ ਹੈ। ਇਹ ਬੋਰਡ ਇਸ਼ਤਿਹਾਰ ਲਾਉਣ ਦਾ ਠੇਕਾ ਸਰਕਾਰ ਨੇ ਇੱਕ ਪ੍ਰਾਈਵੇਟ ਕੰਪਨੀ ਨੂੰ ਦਿੱਤਾ ਸੀ।



ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਪੈਸੇ ਜਾਰੀ ਕਰਕੇ ਹੋਰਡਿੰਗਜ਼ ਸਾਈਟ ਉੱਤੇ ਕਬਜ਼ਾ ਕਰ ਲਿਆ ਸੀ। ਇਹ ਹੋਰਡਿੰਗਜ਼ ਪਟਿਆਲਾ ਚੌਕ, ਸਿੰਘਪੁਰਾ ਚੌਕ, ਜ਼ੀਰਕਪੁਰ ਬੱਸ ਸਟੈਂਡ, ਮੈਕਡੀ ਚੌਕ ਤੋਂ ਇਲਾਵਾ ਬਲਟਾਣਾ ਅਤੇ ਸ਼ਹਿਰ ਦੇ ਢਕੋਲੀ ਰੋਡ ਉੱਤੇ ਲਾਏ ਗਏ ਸਨ ਪਰ ਕੱਲ੍ਹ ਇਨ੍ਹਾਂ ਤੋਂ ਕੈਪਟਨ ਅਮਰਿੰਦਰ ਸਿੰਘ ਦੀਆਂ ਤਸਵੀਰਾਂ ਹਟਾ ਦਿੱਤੀਆਂ ਗਈਆਂ ਹਨ।ਜਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ, ਜ਼ੀਰਕਪੁਰ ਦੀਆਂ ਸੜਕਾਂ ਤੇ ਚੌਕਾਂ ਵਿੱਚੋਂ ਸਰਕਾਰ ਦੀ ਪ੍ਰਸ਼ੰਸਾ ਦੇ ਫਲੈਕਸ ਬੋਰਡ ਉਤਰ ਗਏ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਨਵੇਂ ਮੁੱਖ ਮੰਤਰੀ ਦੇ ਸਵਾਗਤ ਲਈ ਇੱਥੇ ਝੰਡੇ ਲਾਏ ਜਾਣਗੇ। ਇਹੀ ਨਹੀਂ, ਨਗਰ ਕੌਂਸਲ ਦੇ ਕਰਮਚਾਰੀਆਂ ਨੇ ਕੈਪਟਨ ਅਮਰਿੰਦਰ ਦੀਆਂ ਝੰਡੀਆਂ ਤੋਂ ਇਲਾਵਾ ਕੁਝ ਹੋਰ ਰਾਜਨੀਤਕ ਪਾਰਟੀਆਂ ਦੇ ਬੋਰਡ ਵੀ ਹਟਾ ਦਿੱਤੇ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ



BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust


You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਪੈਸਿਆਂ ਦੇ ਲੈਣ-ਦੇਣ ਵਿੱਚ ਭਾਣਜੀ ਨੇ ਪਤੀ ਨਾਲ ਮਿਲਕੇ ਮਾਸੀ ਨੂੰ ਮਾਰ ਸੁੱਟਿਆ




ਫਾਜ਼ਿਲਕਾ, 22 ਸਤੰਬਰ (ਪੋਸਟ ਬਿਊਰੋ)- ਪਿੰਡ ਟਿਵਾਣਾ ਕਲਾਂ ਵਿੱਚ ਪੈਸਿਆਂ ਦੇ ਲੈਣ-ਦੇਣ ਕਾਰਨ ਭੈਣ ਦੀ ਬੇਟੀ ਤੇ ਜਵਾਈ ਨੇ ਕੁੱਟ-ਕੁੱਟ ਕੇ ਮਾਸੀ ਦਾ ਕਤਲ ਕਰ ਦਿੱਤਾ। ਥਾਣਾ ਸਿਟੀ ਪੁਲਸ ਨੇ ਇੱਕੋ ਘਰ ਦੇ ਤਿੰਨ ਮੈਂਬਰਾਂ ਉੱਤੇ ਹੱਤਿਆ ਦਾ ਕੇਸ ਦਰਜ ਕੀਤਾ ਅਤੇ ਇਸ ਤੋਂ ਬਾਅਦ ਜਾਂਚ ਕਰ ਰਹੀ ਹੈ।

ਜਾਂਚ ਅਧਿਕਾਰੀ ਵਜ਼ੀਰ ਚੰਦ ਨੇ ਦੱਸਿਆ ਕਿ ਉਨ੍ਹਾਂ ਨੂੰ ਸੋਨੂੰ ਸਿੰਘ ਵਾਸੀ ਟਿਵਾਣਾ ਕਲਾਂ ਨੇ ਬਿਆਨ ਦਿੱਤੇ ਸਨ ਕਿ ਉਸ ਦੀ ਭੈਣ ਹਰਪ੍ਰੀਤ ਕੌਰ ਤੇ ਜੀਜਾ ਬੂਟਾ ਸਿੰਘ ਵਾਸੀ ਢੰਡੀ ਕਦੀਮ ਨੇ ਗੁਰਵਿੰਦਰ ਸਿੰਘ ਨੂੰ ਕਰੀਬ ਤਿੰਨ ਮਹੀਨੇ ਪਹਿਲਾਂ 12 ਹਜ਼ਾਰ ਰੁਪਏ ਉਧਾਰ ਦਿੱਤੇ ਸਨ। ਜਦ ਉਹ ਪੈਸੇ ਮੰਗਦੇ ਤਾਂ ਉਹ ਲਗਾਤਾਰ ਟਾਲਮਟੋਲ ਕਰਦੇ ਰਹੇ। ਬੀਤੀ 19 ਸਤੰਬਰ ਨੂੰ ਜਦ ਉਸ ਦੀ ਭੈਣ ਹਰਪ੍ਰੀਤ ਕੌਰ ਤੇ ਜੀਜਾ ਬੂਟਾ ਸਿੰਘ ਵਾਸੀ ਢੰਡੀ ਕਦੀਮ ਗੁਰਵਿੰਦਰ ਸਿੰਘ,ਜੋ ਮਾਸੀ ਦਾ ਪੁੱਤ ਹੈ, ਤੋਂ ਪੈਸੇ ਲੈਣ ਗਏ ਤਾਂ ਉਨ੍ਹਾਂ ਨੇ ਗਾਲੀ ਗਲੋਚ ਤੇ ਮਾਰਕੁੱਟ ਕਰ ਕੇ ਭਜਾ ਦਿੱਤਾ। ਉਸ ਦੀ ਭੈਣ ਤੇ ਜੀਜੇ ਨੇ ਸਾਰੀ ਗੱਲ ਆ ਕੇ ਉਸ ਨੂੰ ਦੱਸੀ। ਸ਼ਾਮ ਚਾਰ ਵਜੇ ਜਦ ਸੋਨੂੰ ਸਿੰਘ ਫਿਰ ਆਪਣੀ ਮਾਂ ਰਾਜ ਕੌਰ, ਭੈਣ ਹਰਪ੍ਰੀਤ ਕੌਰ ਤੇ ਜੀਜਾ ਬੂਟਾ ਸਿੰਘ ਨੂੰ ਨਾਲ ਲੈ ਕੇ ਗੁਰਵਿੰਦਰ ਸਿੰਘ ਕੋਲ ਗਿਆ ਤਾਂ ਉਨ੍ਹਾਂ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ। ਸੋਨੂੰ ਨੇ ਵਿਰੋਧ ਕੀਤਾ ਤਾਂ ਗੁਰਵਿੰਦਰ ਸਿੰਘ, ਉਸ ਦੀ ਪਤਨੀ ਬਰਖਾ ਰਾਣੀ ਤੇ ਬੇਟੀ ਸਿਮਰਨ ਵਾਸੀ ਟਿਵਾਣਾ ਕਲਾ ਨੇ ਉਸ ਦੇ ਪਰਵਾਰ ਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ। ਜਦ ਉਸ ਦੀ ਮਾਂ ਰਾਜ ਕੌਰ ਬਚਾਅ ਲਈ ਅੱਗੇ ਆਈ ਤਾਂ ਦੋਸ਼ੀਆਂ ਨੇ ਉਸ ਦੀ ਡੰਡਿਆਂ ਨਾਲ ਕੁੱਟਮਾਰ ਕਰ ਦਿੱਤੀ।ਦੋਸ਼ੀ ਗੁਰਵਿੰਦਰ ਸਿੰਘ ਇੱਟਾਂ ਅਤੇ ਪੱਥਰ ਮਾਰਨ ਲੱਗਾ ਤਾਂ ਇੱਕ ਪੱਥਰ ਰਾਜ ਕੌਰ ਦੇ ਸਿਰ ਵਿੱਚ ਲੱਗਾ ਤੇ ਉਹ ਜ਼ਖਮੀ ਹੋ ਗਈ। ਉਸ ਨੂੰ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਤੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਰੈਫਰ ਕਰ ਦਿੱਤਾ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਪੁਲਸ ਨੇ ਗੁਰਵਿੰਦਰ ਸਿੰਘ ਉਰਫ ਗਿੰਦਰੀ, ਬਰਖਾ ਰਾਣੀ, ਸਿਮਰਨ ਵਾਸੀ ਟਿਵਾਣਾ ਕਲਾ ਉੱਤੇ ਮਾਮਲਾ ਦਰਜ ਕੀਤਾ ਹੈ।

# ਦੋਆਬੇ ਦੇ ਵੱਡੇ ਸਨਅਤਕਾਰਾਂ ਦੇ ਤਾਰ 'ਆਪ' ਨਾਲ ਜੁੜਨ ਲੱਗੇ

ਹੁਸ਼ਿਆਰਪੁਰ, 22 ਸਤੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵੱਲੋਂ ਪੰਜਾਬ ਮਿਸ਼ਨ-2022 ਵਾਸਤੇ ਮਜ਼ਬੂਤ ਪਕੜ ਬਣਾਉਣ ਲਈ ਅੰਦਰਖਾਤੇ ਵੱਡੇ ਬਿਜਨਸਮੈਨਾਂਅਤੇ ਦੂਸਰੀਆਂ ਪਾਰਟੀਆਂ ਦੇ ਸਿਰਕੱਢ ਆਗੂਆਂ ਨਾਲ ਸੰਪਰਕਕੀਤਾ ਜਾ ਰਿਹਾ ਹੈ। ਜਾਣਕਾਰ ਸੂਤਰਾਂਅਨੁਸਾਰ ਦੋਆਬੇ ਦੇ ਇੱਕ ਵੱਡੇ ਉਦਯੋਗਪਤੀ ਦੇ ਤਾਰ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨਾਲ ਜੁੜ ਰਹੇ ਹਨ ਅਤੇ ਪਾਰਟੀ ਦੀ ਮਦਦ ਕਰਨ ਦੇ ਬਦਲੇ ਉਸ ਨੂੰ ਰਾਜ ਸਭਾ ਮੈਂਬਰੀ ਦੀ ਆਫਰ ਦਿੱਤੀ ਜਾ ਰਹੀ ਹੈ। ਜੇ ਸਚਮੁੱਚ ਏਦਾਂ ਹੁੰਦਾ ਹੈ ਤਾਂ ਇਸ ਨਾਲ ਪੰਜਾਬ ਦੇ ਸਿਆਸੀ ਸਮੀਕਰਨ ਤੇਜ਼ੀ ਨਾਲ ਬਦਲ ਸਕਦੇ ਹਨ ਤੇ ਆਮ ਆਦਮੀ ਪਾਰਟੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ ਨੂੰ ਝੱਟਕਾ ਦੇ ਸਕਦੀ ਹੈ। ਅਕਾਲੀ ਦਲ ਨੇ ਬਸਪਾ ਨਾਲ ਸਮਝੌਤਾ ਕਰਕੇ ਦਲਿਤ ਵੋਟ ਬੈਂਕ ਨੂੰ ਆਪਣੇ ਨਾਲ ਜੋੜਨ ਦਾ ਯਤਨ ਕੀਤਾ ਹੈ, ਉਥੇ ਕਾਂਗਰਸ ਨੇ ਅਕਾਲੀ ਦਲ ਨੂੰ ਝੱਟਕਾ ਦੇਣ ਲਈ ਇੱਕ ਦਲਿਤ ਆਗੂ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਕੇ ਪੱਤਾ ਖੇਡਿਆ ਹੈ। ਇਹ ਵੀ ਕਾਂਗਰਸ ਨੇ ਮਿਸ਼ਨ-2022 ਨੂੰ ਸਾਹਮਣੇ ਰੱਖ ਕੇ ਕੀਤਾ ਹੈ।

ਪੰਜਾਬ ਦੀਆਂ ਇਨ੍ਹਾਂ ਦੋਵਾਂ ਪ੍ਰਮੁੱਖ ਰਾਜਸੀ ਪਾਰਟੀਆਂ ਵਿੱਚੋਂ ਅਕਾਲੀ ਦਲ ਦੀ ਪਿਛਲੇ 10 ਸਾਲ ਦੀ ਕਾਰਗੁਜ਼ਾਰੀ ਅਤੇ ਕਾਂਗਰਸ ਦੇ ਸਾਢੇ ਚਾਰ ਸਾਲਾ ਰਾਜ ਵਿੱਚ ਗਰੀਬ ਤੇ ਆਮ ਲੋਕਾਂ ਦਾ ਜੋ ਹਸ਼ਰ ਹੋਇਆ, ਉਹ ਪੰਜਾਬੀਆਂ ਨੂੰ ਰੜਕ ਰਿਹਾ ਹੈ। ਰੇਤਾ ਖੰਡ ਦੇ ਭਾਅ ਮਿਲਦੀ ਰਹੀ ਅਤੇ ਬਿਜਲੀ ਦੇ ਰੇਟ ਅਸਮਾਨ ਨੂੰ ਛੂੰਹਦੇ ਰਹੇ। ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਮੁੱਖ ਮੰਤਰੀ ਦੇ ਚਿਹਰੇ ਬਾਰੇ ਅਜੇ ਆਪਣੇ ਪੱਤੇ ਨਹੀਂ ਖੋਲ੍ਹੇ, ਪਰ ਅੰਦਰਖਾਤੇ ਰਾਜਨੀਤਕ ਹਲਚਲ ਤੇਜ਼ੀ ਨਾਲ ਚੱਲ ਰਹੀ ਹੈ ਅਤੇ ਆਪਣੀਆਂ ਗੋਟੀਆਂ ਫਿੱਟ ਕਰਨ ਦਾ ਯਤਨ ਹੋ ਰਿਹਾ ਹੈ। ਪੰਜਾਬ ਦੇ ਰੋਜ਼ ਬਦਲ ਰਹੇ ਸਿਆਸੀ ਹਾਲਾਤ ਉੱਤੇ ਆਮ ਆਦਮੀ ਪਾਰਟੀਨਿਗ੍ਹਾ ਰੱਖ ਰਹੀ ਹੈ, ਲੋਕਾਂ ਦੀਆਂ ਭਾਵਨਾਵਾਂ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ ਤੇ ਹਰ ਕਦਮ ਫੂਕ-ਫੂਕ ਕੇ ਰੱਖਿਆ ਜਾ ਰਿਹਾ ਹੈ। ਲੋਕਾਂ ਜਿਸ ਤਰ੍ਹਾਂ ਅਕਾਲੀ ਦਲ ਤੇ ਕਾਂਗਰਸ ਨੂੰ ਕੋਸ ਰਹੇ ਹਨ, ਇਹ ਰੁਝਾਨ ਅਕਾਲੀ ਦਲ ਤੋਂ ਬਾਅਦ ਕਾਂਗਰਸ ਪ੍ਰਤੀ ਲੋਕਾਂ ਦਾ ਘਟ ਰਿਹਾ ਝੁਕਾਅ ਆਮ ਆਦਮੀ ਪਾਰਟੀ ਨੂੰ ਫਾਇਦਾ ਦੇ ਸਕਦਾ ਹੈ। ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਾ ਚਿਹਰਾ ਦੇਣ ਤੋਂ ਪਹਿਲਾਂ ਹੀ ਰਵਾਇਤੀ ਪਾਰਟੀਆਂ ਨੂੰ ਧੋਬੀ ਪਟਕਾ ਮਾਰ ਸਕਦੇ ਹਨ, ਜਿਸ ਤਰ੍ਹਾਂ ਦਿੱਲੀ ਵਿੱਚ ਤਾਕਤਵਰ ਪਾਰਟੀਆਂ ਨਾਲ ਕੀਤਾ ਗਿਆ।

# ਮਮਤਾ ਦੇ ਭਤੀਜੇ ਅਭਿਸ਼ੇਕ ਬੈਨਰਜੀ ਨੂੰ ਰਾਹਤ ਦੇਣ ਤੋਂ ਹਾਈ ਕੋਰਟ ਦੀ ਨਾਂਹ



ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ)- ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇਭਤੀਜੇ ਅਭਿਸ਼ੇਕ ਬੈਨਰਜੀ ਅਤੇ ਉਨ੍ਹਾਂ ਦੀ ਪਤਨੀ ਨੂੰ ਅੰਤ੍ਰਿਮ ਰਾਹਤ ਦੇਣ ਤੋਂ ਦਿੱਲੀ ਹਾਈ ਕੋਰਟ ਨੇ ਇਨਕਾਰ ਕਰ ਦਿੱਤਾ ਹੈ। ਦੋਵਾਂ ਨੇ ਅਦਾਲਤ ਤੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਜਾਰੀ ਸੰਮਨ ਰੱਦ ਕਰਨ ਦੀ ਮੰਗ ਕੀਤੀ ਸੀ। ਵਰਨਣ ਯੋਗ ਹੈ ਕਿ ਕੇਂਦਰੀ ਏਜੰਸੀ ਈ ਡੀ ਨੇ ਪੱਛਮੀ ਬੰਗਾਲ ਦੇ ਕੋਲਾ ਘੋਟਾਲਾ ਕੇਸ ਵਿੱਚ ਇਨ੍ਹਾਂ ਦੋਵਾਂ ਨੂੰ ਮਨੀ ਲਾਂਡਰਿੰਗ ਦੇ ਦੋਸ਼ਾਂ ਦੀ ਜਾਂਚ ਲਈ ਤਲਬ ਕੀਤਾ ਸੀ।

ਅਭਿਸ਼ੇਕ ਬੈਨਰਜੀ ਦੀ ਅਰਜ਼ੀ ਉੱਤੇ ਜਸਟਿਸ ਯੋਗੇਸ਼ ਖੰਨਾ ਨੇ ਈ ਡੀ ਨੂੰ ਨੋਟਿਸ ਜਾਰੀ ਕਰ ਕੇ ਜਾਂਚ ਏਜੰਸੀ ਨੂੰ ਤਿੰਨ ਦਿਨਾਂ ਵਿੱਚ ਜਵਾਬ ਦਾਇਰ ਕਰਨ ਲਈ ਕਿਹਾ ਹੈ। ਇਸ ਕੇਸ ਦੀ ਅਗਲੀ ਸੁਣਵਾਈ 27 ਨੂੰ ਹੋਵੇਗੀ। ਅਭਿਸ਼ੇਕ ਤੇ ਉਸ ਦੀ ਪਤਨੀ ਰੁਜਿਰਾ ਬੈਨਰਜੀ ਨੂੰ ਕੱਲ੍ਹ ਈ ਡੀ ਨੇ ਦਿੱਲੀ ਵਿੱਚ ਨਿੱਜੀ ਤੌਰ ਉੱਤੇ ਪੇਸ਼ ਹੋਣ ਨੂੰ ਕਿਹਾ ਸੀ। ਉਨ੍ਹਾਂ ਕੋਲੋਂ ਵੱਡੀ ਗਿਣਤੀ ਵਿੱਚ ਦਸਤਾਵੇਜ਼ ਵੀ ਮੰਗੇ ਗਏ ਸਨ। ਅਭਿਸ਼ੇਕ ਤੇ ਰੁਜਿਰਾ ਨੇ ਕਿਹਾ ਕਿ ਉਹ ਕੋਲਕਾਤਾ ਦੇ ਵਾਸੀ ਹਨ ਤੇ ਉਨ੍ਹਾਂ ਨੂੰ ਦਿੱਲੀ ਵਿੱਚ ਜਾਂਚ ਵਿੱਚ ਸ਼ਾਮਲ ਹੋਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

ਅਭਿਸ਼ੇਕ ਬੈਨਰਜੀ (33) ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਭਤੀਜਾ ਹੈ ਅਤੇ ਉਹ ਡਾਇਮੰਡ ਹਾਰਬਰ ਸੀਟ ਤੋਂ ਲੋਕ ਸਭਾ ਮੈਂਬਰ ਹੋਣ ਦੇ ਇਲਾਵਾ ਤ੍ਰਿਣਮੂਲ ਕਾਂਗਰਸ(ਟੀ ਐੱਮ ਸੀ) ਦਾ ਕੌਮੀ ਜਨਰਲ ਸੈਕਟਰੀ ਹੈ। ਅਦਾਲਤ ਵੱਲੋਂ ਕੋਈ ਰਾਹਤ ਦੇਣ ਤੋਂ ਇਨਕਾਰ ਉੱਤੇ ਬੈਨਰਜੀ ਜੋੜੇ ਦੇ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਜਾਂਚ ਏਜੰਸੀ ਨੂੰ ਕਾਰਵਾਈ ਲਈ ਅੱਗੇ ਨਹੀਂ ਵਧਣਾ ਚਾਹੀਦਾ, ਕਿਉਂਕਿ ਕੇਸ ਹਾਈ ਕੋਰਟ ਵਿੱਚ ਹੈ।ਸਿੱਬਲ ਨੇ ਕਿਹਾ ਕਿ ਉਹ ਕਿਸੇ ਚੀਜ਼ ਉਤੇ ਰੋਕ ਨਹੀਂ ਮੰਗਦੇ, ਪਰ ਪੁੱਛਗਿੱਛ ਬੰਗਾਲ ਵਿੱਚ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਦਿੱਲੀ ਨਹੀਂ ਸੱਦਿਆ ਜਾ ਸਕਦਾ, ਬੈਨਰਜੀ ਜੋੜੇ ਤੋਂ ਪੁੱਛਗਿੱਛ ਉਸ ਥਾਣੇ ਦੇ ਦਾਇਰੇ ਵਿੱਚ ਹੋਣੀ ਚਾਹੀਦੀ ਹੈ, ਜਿੱਥੇ ਅਪਰਾਧ ਹੋਇਆ ਹੈ ਅਤੇ ਮਹਿਲਾ ਤੋਂ ਪੁੱਛਗਿੱਛ ਘਰ ਵਿੱਚ ਹੋਣੀ ਚਾਹੀਦੀ ਹੈ।ਈ ਡੀ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਮਨੀ ਲਾਂਡਰਿੰਗ ਐਕਟ ਹੇਠ ਜਾਂਚ ਲਈ ਅਧਿਕਾਰ ਖੇਤਰ ਤੈਅ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਅਪਰਾਧਾਂ ਬਾਰੇ ਕਾਨੂੰਨ ਵਿੱਚ ਵੀ ਇਸੇ ਤਰ੍ਹਾਂ ਹੈ। ਮਨੀ ਲਾਂਡਰਿੰਗ ਬਾਰੇ ਕਾਨੂੰਨ (ਪੀ ਐਮ ਐਲ ਏ) ਲਈ ਸਾਰਾ ਭਾਰਤਥਾਣਾ ਹੈ।


ਰੱਖਿਆ ਮੰਤਰਾਲਾ ਨੇ ਸੁਪਰੀਮ ਕੋਰਟ ਨੂੰ ਦੱਸਿਆ:

## ਐਨ ਡੀ ਏ ਵਿੱਚ ਔਰਤਾਂ ਦਾ ਦਾਖਲਾ ਅਗਲੇ ਮਈ ਤੋਂ ਸ਼ੁਰੂ ਹੋ ਜਾਵੇਗਾ

ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਰੱਖਿਆ ਮੰਤਰਾਲੇ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਮਹਿਲਾ ਉਮੀਦਵਾਰਾਂ ਨੂੰ ਨੈਸ਼ਨਲ ਡਿਫੈਂਸ ਅਕੈਡਮੀ (ਐਨ ਡੀ ਏ) ਵਿੱਚ ਦਾਖਲਾ ਟੈਸਟ ਵਿੱਚ ਬੈਠਣ ਦੇਣ ਵਾਲਾ ਨੋਟੀਫਿਕੇਸ਼ਨ ਅਗਲੇ ਸਾਲ ਮਈ ਤਕ ਜਾਰੀ ਕਰ ਦਿੱਤਾ ਜਾਵੇਗਾ।

ਇਸ ਬਾਰੇ ਮੰਤਰਾਲੇ ਨੇ ਕਿਹਾ ਕਿ ਸਮਾਂ ਹੱਦ ਨੂੰ ਧਿਆਨ ਵਿੱਚ ਰੱਖਦਿਆਂ ਮਹਿਲਾ ਉਮੀਦਵਾਰਾਂ ਦੀ ਬਿਨਾਂ ਕਿਸੇ ਰੁਕਾਵਟ ਤੋਂ ਦਾਖਲਾ ਅਤੇ ਸਿਖਲਾਈ ਯਕੀਨੀ ਕਰਨ ਲਈ ਯੋਜਨਾ ਤਿਆਰ ਕਰਨ ਦੀ ਲੋੜ ਹੈ।ਅਦਾਲਤ ਵਿੱਚ ਦਾਇਰ ਕੀਤੇ ਐਫੀਡੇਵਿਟ ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਭਾਰਤ ਸਰਕਾਰ ਆਪਣੀ ਵਚਨਬੱਧਤਾ ਮੁਤਾਬਕ ਸਪੱਸ਼ਟ ਕਰਦੀ ਹੈ ਕਿ ਨੈਸ਼ਨਲ ਡਿਫੈਂਸ ਅਕੈਡਮੀ ਰਾਹੀਂਮਹਿਲਾ ਉਮੀਦਵਾਰਾਂ ਨੂੰ ਤਿੰਨਾਂ ਫੌਜੀ ਸੇਵਾਵਾਂ ਵਿੱਚ ਲਿਆ ਜਾਵੇਗਾ। ਐਨ ਡੀ ਏ ਦਾਖ਼ਲਾ ਟੈਸਟ ਸਾਲ ਵਿੱਚ ਦੋ ਵਾਰ ਲਿਆ ਜਾਂਦਾ ਹੈ। ਸਰਕਾਰ ਦੀ ਰਾਏ ਹੈ ਕਿ ਮਈ 2022 ਤਕ ਲੋੜੀਂਦਾ ਸਿਸਟਮ ਤਿਆਰ ਹੋ ਜਾਵੇ, ਉਸ ਸਮੇਂ ਤਕ ਯੂ ਪੀ ਐਸ ਸੀ ਨੂੰ ਟੈਸਟ ਲਈ ਅਗਲੇ ਸਾਲ ਪਹਿਲਾਂ ਨੋਟੀਫਿਕੇਸ਼ਨ ਜਾਰੀ ਕਰਨਾ ਪਵੇਗਾ। ਰੱਖਿਆ ਸੇਵਾਵਾਂ ਵੱਲੋਂ ਇੱਕ ਅਧਿਅਨ ਗਰੁੱਪ ਕਾਇਮ ਕੀਤਾ ਗਿਆ ਹੈ। ਇਸ ਵਿੱਚ ਐਨ ਡੀ ਏ ਵਿੱਚ ਮਹਿਲਾ ਕੈਡਿਟਾਂ ਲਈ ਵਿਆ-ਪਕ ਸਿਲੇਬਸ ਨੂੰ ਤੇਜ਼ੀ ਨਾਲ ਤਿਆਰ ਕਰਨ ਲਈ ਮਾਹਿਰ ਸ਼ਾਮਲ ਹਨ।

## ਕੇਂਦਰੀ ਮੰਤਰੀ ਗਡਕਰੀ ਨੇ ਟਰੱਕ ਚਾਲਕਾਂ ਦੇ ਡਰਾਈਵਿੰਗ ਘੰਟੇ ਤੈਅ ਕਰਨ ਲਈ ਕਿਹਾ




ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਸੜਕਾਂ, ਟ੍ਰਾਂਸਪੋਰਟ ਅਤੇ ਹਾਈਵੇਜ਼ ਬਾਰੇ ਬਾਰੇਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸੜਕ ਹਾਦਸਿਆਂ ਵਿੱਚ ਕਮੀ ਲਿਆਉਣ ਲਈਟਰੱਕ ਚਾਲਕਾਂ ਵੱਲੋਂ ਗੱਡੀ ਚਲਾਉਣ ਦਾ ਸਮਾਂ ਤੈਅ ਕੀਤੇ ਜਾਣ ਦੀ ਵਕਾਲਤ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਕਮਰਸ਼ੀਅਲ ਵਾਹਨਾਂ ਵਿੱਚ ਚਾਲਕ ਨੂੰ ਨੀਂਦ ਆਉਣ ਦਾ ਪਤਾ ਲਾਉਣ ਵਾਲੇ ਸੈਂਸਰ ਲਗਾਉਣ ਉੱਤੇ ਵੀ ਜ਼ੋਰ ਦਿੱਤਾ ਹੈ।

ਨਿਤਿਨ ਗਡਕਰੀ ਨੇ ਕਈ ਟਵੀਟ ਕਰ ਕੇ ਕਿਹਾ ਕਿ ਪਾਇਲਟਾਂ ਵਾਂਗ ਟਰੱਕ ਚਾਲਕਾਂ ਲਈ ਡਰਾਈਵਿੰਗ ਦੇ ਘੰਟੇ ਤੈਅ ਹੋਣੇ ਚਾਹੀਦੇ ਹਨ। ਇਸ ਨਾਲ ਥਕਾਵਟ ਕਾਰਨ ਹੁੰਦੇ ਹਾਦਸੇ ਘਟਣਗੇ। ਉਨ੍ਹਾਂ ਨੇ ਕਿਹਾ ਕਿ ਮੈਂ ਅਧਿਕਾਰੀਆਂ ਨੂੰ ਯੂਰਪੀ ਸਟੈਂਡਰਡਜ਼ ਦੇ ਮੁਤਾਬਕ ਕਮਰਸ਼ੀਅਲ ਵਾਹਨਾਂ ਵਿੱਚ ਡਰਾਈਵਿੰਗ ਸਮੇਂ ਨੀਂਦ ਆਉਣ ਦਾ ਪਤਾ ਲਗਾਉਣ ਵਾਲੇ ਸੈਂਸਰਾਂਬਾਰੇ ਨੀਤੀ ਉੱਤੇ ਕੰਮ ਕਰਨ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਾ ਸੜਕ ਕਮੇਟੀਆਂ ਦੀ ਨਿਯਮਿਤ ਬੈਠਕ ਸੱਦਣ ਲਈ ਮੁੱਖ ਮੰਤਰੀਆਂ ਅਤੇ ਜ਼ਿਲ੍ਹਾ ਕਲੈਕਟਰਾਂ ਨੂੰ ਚਿੱਠੀ ਲਿਖਣਗੇ।





ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ
Call Now: (416)-970-5005
Jagdish Grewal
Sales Repersentative



Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!




Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਊਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.



Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ




Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਂਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ



Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ



Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ



Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ



Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005 www.vipcondonetwork.com
80 Maritime Ontario Blvd #246 Brampton, ON L6S 0E7 Call: 905-488-2100 Fax : 905-488-2101



## ਕਾਬੁਲ ਉਤੇ ਕਬਜ਼ੇ ਦੇ ਬਾਅਦ ਭਾਰਤ ਭੇਜੀ 21 ਹਜ਼ਾਰ ਕਰੋੜ ਰੁਪਏ ਦੀ ਹੈਰੋਇਨ ਫੜੀ ਗਈ



ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਤੋਂ ਲਗਭਗ 21 ਹਜ਼ਾਰ ਕਰੋੜ ਰੁਪਏ ਦੀ ਰਿਕਾਰਡ ਡਰੱਗਸ ਤਸਕਰੀ ਦੇ ਰੈਕੇਟ ਦੇ ਪਰਦਾ ਫਾਸ਼ ਹੋਣ ਪਿੱਛੋਂ ਭਾਰਤ ਦੀਆਂਸਭ ਏਜੰਸੀਆਂ ਇਸ ਦੀ ਤਹਿ ਤਕ ਪਹੁੰਚਣ ਦੇ ਕੰਮ ਲੱਗ ਗਈਆਂ ਹਨ। ਰੈਵੇਨਿਊ ਖੁਫੀਆ ਡਾਇਰੈਕੋਟਰੇਟ (ਡੀ ਆਰ ਆਈ) ਦੇ ਬਾਅਦ ਈ ਡੀ(ਇਨਫੋਰਸਮੈਂਟ ਡਾਇਰੈਕਟੋਰੇਟ) ਨੇ ਵੀ ਮਨੀ ਲਾਂਡਰਿੰਗ ਦੇ ਤਹਿਤ ਜਾਂਚ ਸ਼ੁਰੂ ਕਰ ਦਿੱਤੀ ਅਤੇ ਡੀ ਆਰ ਆਈ ਤੋਂ ਕੇਸਦੀ ਮੁਕੰਮਲ ਜਾਣਕਾਰੀ ਮੰਗੀ ਹੈ। ਡੀ ਆਰ ਆਈ ਦੇ ਅਨੁਸਾਰ 3000 ਕਿਲੋਗਰਾਮ ਹੈਰੋਇਨ ਦੀ ਇਹ ਖੇਪ 15 ਅਗਸਤ ਨੂੰ ਕਾਬੁਲ ਉੱਤੇ ਤਾਲਿਬਾਨ ਦੇ ਕਬਜ਼ੇ ਦੇ ਬਾਅਦ ਅਫਗਾਨਿਸਤਾਨ ਤੋਂ ਈਰਾਨ ਭੇਜੀ ਗਈ ਸੀ।

ਮਿਲੀ ਜਾਣਕਾਰੀ ਅਨੁਸਾਰਡੀ ਆਰ ਆਈ ਅਧਿਕਾਰੀਡਰੱਗਸ ਤਸਕਰੀ ਵਿੱਚ ਤਾਲਿਬਾਨ ਦੀ ਸ਼ਮੂਲੀਅਤ ਦੀ ਜਾਂਚ ਦੇ ਲਈ ਗ੍ਰੇਟਰ ਨੋਇਡਾ ਤੋਂ ਫੜੇ ਦੋ ਅਫਗਾਨੀਆਂ ਤੋਂ ਪੁੱਛਗਿੱਛ ਕਰ ਰਹੇ ਹਨ।ਡੀ ਆਰ ਆਈ ਦੇ ਉਚ ਪੱਧਰੀ ਸੂਤਰਾਂ ਅਨੁਸਾਰ ਗੁਜਰਾਤ ਦੇ ਮੁੰਦਰਾ ਪੋਰਟ ਤੋਂ 3000 ਕਿਲੋਗਰਾਮ ਹੈਰੋਇਨ ਦੀ ਜ਼ਬਤੀ ਤੋਂ ਪਹਿਲਾਂ ਵੀ ਭਾਰੀ ਮਾਤਰਾ ਵਿੱਚ ਇਸ ਨਸ਼ੀਲੇ ਪਦਾਰਥ ਦੀ ਤਸਕਰੀ ਦੇ ਸੰਕੇਤ ਮਿਲਦੇ ਰਹੇ ਹਨ। ਆਂਧਰਾ ਪ੍ਰਦੇਸ਼ ਦੇ ਵਿਜੈਵਾੜਾ ਸ਼ਹਿਰ ਦੇ ਪਤੇ ਉੱਤੇ ਰਜਿਸਟਰਡ ਜਿਸ ਆਸ਼ੀ ਟ੍ਰੇਡਿੰਗ ਕੰਪਨੀ ਦੇ ਨਾਂਅ ਇਹ ਵੱਡੀ ਖੇਪ ਭੇਜੀ ਗਈ ਸੀ, ਉਸ ਦੇ ਨਾਂਅ ਉੱਤੇ ਜੂਨ ਵਿੱਚ ਵੀ 25 ਹਜ਼ਾਰ ਕਿਲੋਗਰਾਮ ਟੈਲਕਮ ਪਾਊਡਰ ਭਾਰਤ ਆਇਆ ਸੀ। ਸਮਝਿਆ ਜਾ ਰਿਹਾ ਹੈ ਕਿ ਜੂਨ ਵਿੱਚ ਆਇਆ ਟੈਲਕਮ ਪੌਡਰ ਵੀ ਹੈਰੋਇਨ ਸੀ, ਜਿਸ ਦੀ ਕੀਮਤ ਸੱਤਰ ਹਜ਼ਾਰ ਕਰੋੜ ਰੁਪਏ ਤੋਂ ਵੱਧ ਸੀ। ਡੀ ਆਰ ਆਈ ਨੇ ਕੰਪਨੀ ਦੇ ਸੰਚਾਲਕ ਐਮ ਸੁਧਾਕਰ ਅਤੇ ਉਸ ਦੀ ਪਤਨੀ ਜੀ ਡੀ ਪੀ ਵੈਸ਼ਾਲੀ ਨੂੰ ਚੇਨਈ ਤੋਂ ਗ੍ਰਿਫਤਾਰ ਕਰ ਕੇ ਭੁਜ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਅਤੇ ਕੋਰਟ ਨੇ ਦੋਵਾਂ ਨੂੰ 10 ਦਿਨਾਂ ਦੀ ਡੀ ਆਰ ਆਈ ਹਿਰਾ-ਸਤ ਵਿੱਚ ਭੇਜ ਦਿੱਤਾ ਹੈ।

## ਪੰਜਾਬੀ ਭਾਸ਼ਾ ਨੂੰ ਅਣਗੌਲਿਆਂ ਕਰਨ ਉੱਤੇ ਪਾਕਿ ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ



ਲਾਹੌਰ, 22 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਲਹਿੰਦੇ ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਪੱਧਰ ਉੱਤੇ ਅਣਗੌਲਿਆਂ ਕੀਤੇ ਜਾਣ ਦੇ ਕੇਸ ਦੀ ਸੁਣਵਾਈ ਦੌਰਾਨ ਉਸ ਪੰਜਾਬ ਦੀ ਸਰਕਾਰ ਨੂੰ ਸੂਬੇ ਵਿੱਚ ਪੰਜਾਬੀ ਦੀ ਸ਼ੁਰੂਆਤ ਨਾ ਕਰਨ ਬਾਰੇ ਜਵਾਬ ਦੇਣ ਲਈ ਨੋਟਿਸ ਜਾਰੀ ਕੀਤਾ ਹੈ।

ਜਸਟਿਸ ਉਮਰ ਅਤਾ ਬੰਡਿਆਲ ਨੇ ਸੁਣਵਾਈ ਦੌਰਾਨ ਕਿਹਾ ਕਿ ਭਾਵੇਂ ਸੂਬਾ ਸਰਕਾਰ ਪੰਜਾਬੀ ਭਾਸ਼ਾ ਨੂੰ ਸਕੂਲੀ ਸਿਲੇਬਸ ਵਿੱਚ ਸ਼ਾਮਲ ਕਰਨ ਦਾ ਦਾਅਵਾ ਕਰਦੀ ਹੈ, ਪਰ ਹਕੀਕਤ ਇਹ ਹੈ ਕਿ ਇੱਕ ਖ਼ਾਸ ਅਤੇ ਸ਼ਕਤੀਸ਼ਾਲੀ ਵਰਗ ਅਜਿਹਾ ਨਹੀਂ ਹੋਣ ਦੇ ਰਿਹਾ। ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਧਾਰਾ 251 ਵਿੱਚਕੌਮੀ ਭਾਸ਼ਾਵਾਂ ਨਾਲ ਖੇਤਰੀ ਭਾਸ਼ਾਵਾਂ ਦਾ ਜ਼ਿਕਰ ਹੈ ਤੇ ਇਸ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੂੰ ਪੰਜਾਬੀ ਲਾਗੂ ਨਾ ਕਰਨ ਲਈ ਨੋਟਿਸ ਭੇਜਿਆ ਜਾਂਦਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਜੇ ਜਲਦੀ ਪੰਜਾਬੀ ਲਾਗੂ ਨਾ ਕੀਤੀ ਗਈ ਤਾਂ ਸਾਡੇ ਬੱਚੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਪੰਜਾਬ ਦੀ ਪੰਜ ਦਰਿਆਵਾਂ ਦੀ ਧਰਤੀ ਨਾਲ ਜੁੜੀਆਂ ਨਹੀਂ ਰਹਿ ਸਕਣਗੀਆਂ ਅਤੇ ਬੇਗਾਨੀਆਂ ਹੋ ਜਾਣਗੀਆਂ।

ਇਸ ਬਾਰੇ ਲਾਹੌਰ ਤੋਂ ਬਾਬਰ ਜਲੰਧਰੀ ਨੇ ਦੱਸਿਆ ਕਿ ਨਾਮਵਰ ਕਵੀ ਅਤੇ ਸਮਾਜਿਕ ਕਾਰਕੁੰਨ ਬਾਬ ਨਜ਼ਮੀ ਨੇ ਅਦਾਲਤ ਦੀ ਕਾਰਵਾਈ ਤੋਂ ਉਮੀਦ ਪ੍ਰਗਟਾਈ ਹੈ ਕਿ ਅਗਲੇ ਦਿਨਾਂ ਵਿੱਚ ਸਿੰਧੀ ਤੇ ਪਸ਼ਤੋ ਸਮੇਤ ਹੋਰ ਖੇਤਰੀ ਭਾਸ਼ਾਵਾਂ ਦੀ ਤਰ੍ਹਾਂ ਪੰਜਾਬੀ ਦਾ ਵੀ ਵਿਕਾਸ ਹੋਵੇਗਾ। ਪੰਜਾਬੀ ਮੀਡੀਆ ਗਰੁੱਪ ਦੇ ਨਦੀਮ ਰਜ਼ਾ ਨੇ ਕਿਹਾ ਕਿ ਪਾਕਿ ਦੇ ਹੋਰ ਸੂਬਿਆਂ ਵਾਂਗ ਸੂਬਾ ਪੰਜਾਬ ਵਿੱਚ ਮਾਂ-ਬੋਲੀ ਨੂੰ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਪੰਜਾਬੀ ਪ੍ਰਚਾਰ ਦੇ ਸਦਰ ਅਹਿਮਦ ਰਜ਼ਾ ਵੱਟੂ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਕਾਰਵਾਈ ਨੇ ਸਮੂਹ ਪੰਜਾਬੀਆਂ ਨੂੰ ਵੱਡਾ ਸਕੂਨ ਦਿੱਤਾ ਹੈ।

## ਸਨਾ ਰਾਮਚੰਦ ਗੁਲਵਾਨੀ ਪਾਕਿ ਵਿੱਚ ਪਹਿਲੀ ਹਿੰਦੂ ਕੇਂਦਰੀ ਅਫਸਰ ਬਣੀ

ਇਸਲਾਮਾਬਾਦ, 22 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਇਤਿਹਾਸ ਵਿੱਚ ਪਹਿਲੀ ਵਾਰ ਕੋਈ ਹਿੰਦੂ ਲੜਕੀ ਦੇਸ਼ ਦੀ ਸਭ ਤੋਂ ਔਖੇਇਮਤਿਹਾਨਨੂੰ ਪਾਸ ਕਰਨ ਵਿੱਚ ਕਾਮਯਾਬ ਹੋਈ ਹੈ। ਅਜੇ 27 ਸਾਲ ਦੀ ਡਾਕਟਰ ਸਨਾ ਰਾਮਚੰਦ ਗੁਲਵਾਨੀ ਨੇ ਸੈਂਟਰ ਸੁਪੀਰੀਅਰ ਸਰਵਿਸਿਜ਼ (ਸੀ ਐਸ ਐਸ) ਦਾਇਮਤਿਹਾਨਮਈ ਵਿੱਚ ਪਾਸ ਕਰ ਲਿਆ ਸੀ ਤੇ ਬੀਤੇ ਦਿਨੀਂ ਉਨ੍ਹਾਂ ਦੀ ਨਿਯੁਕਤੀ ਉਤੇ ਵੀ ਮੋਹਰ ਲੱਗ ਗਈ ਹੈ। ਸਨਾ ਮੂਲ ਰੂਪ ਵਿੱਚ ਸਿੰਧ ਸੂਬੇ ਦੇ ਸ਼ਿਕਾਰਪੁਰ ਦੀ ਰਹਿਣ ਵਾਲੀ ਹੈ। ਇਸ ਪ੍ਰਾਪਤੀ ਉੱਤੇ ਸਨਾ ਨੇ ਕਿਹਾ, "ਮੈਂ ਬਹੁਤ ਖੁਸ਼ ਹਾਂ। ਜੋ ਮੈਂ ਚਾਹੁੰਦੀ ਸੀ, ਉਹ ਮੈਂ ਹਾਸਲ ਕਰ ਲਿਆ। ਮੈਂ ਇਸ ਇਮਤਿਹਾਨਨੂੰ ਪਾਸ ਕਰਨ ਦੀ ਠਾਣ ਲਈ ਸੀ।" ਸਨਾ ਦੱਸਦੀ ਹੈ, 'ਮਾਂ-ਬਾਪ ਨਹੀਂ ਚਾਹੁੰਦੇ ਸਨ ਕਿ ਮੈਂ ਐਡਮਨਿਸਟ੍ਰੇਸ਼ਨ ਖੇਤਰ ਵਿੱਚ ਜਾਵਾਂ। ਉਨ੍ਹਾਂ ਦਾ ਸੁਫਨਾ ਮੈਨੂੰ ਮੈਡੀਕਲ ਪ੍ਰੋਫੈਸ਼ਨ ਵਿੱਚ ਹੀ ਦੇਖਣ ਦਾ ਸੀ, ਪਰ ਮੈਂ ਇਹ ਦੋਵੇਂ ਟਾਰਗੈਟ ਇੱਕੋ ਵਾਰ ਵਿੱਚ ਹੀ ਪੂਰੇ ਕੀਤੇ।" ਸਨਾ ਸ਼ਿਕਾਰਪੁਰ ਦੇ ਸਰਕਾਰੀ ਸਕੂਲ ਵਿੱਚ ਪੜ੍ਹੀ ਹੈ। ਉਸ ਨੇ ਪੰਜ ਸਾਲ ਪਹਿਲਾਂ ਸ਼ਹੀਦ ਮੋਹਤਰਮਾ ਬੇਨਜ਼ੀਰ ਭੁੱਟੋ ਮੈਡੀਕਲ ਯੂਨੀਵਰਸਿਟੀ ਤੋਂ ਬੈਚੁਲਰ ਆਫ ਮੈਡੀਸਨ ਦੀ ਡਿਗਰੀ ਲਈ ਸੀ। ਯੂਰੋਲਾਜੀ ਵਿੱਚ ਉਸ ਦੇ ਕੋਲ ਮਾਸਟਰ ਡਿਗਰੀ ਹੈ। ਇਸ ਦੇ ਬਾਅਦ ਉਹ ਫੈਡਰਲ ਪਬਲਿਕ ਸਰਵਿਸ ਕਮਿਸ਼ਨ ਦੀ ਤਿਆਰੀ ਵਿੱਚ ਲੱਗ ਗਈ। ਪੜ੍ਹਾਈ ਬਾਰੇ ਸਨਾ ਕਹਿੰਦੀ ਹੈ ਕਿ ਸਰਕਾਰੀ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਕਮਜ਼ੋਰ ਨਾ ਸਮਝੋ। ਇਹ ਵਿਦਿਆਰਥੀ ਵੀ ਹਰ ਕਾਮਯਾਬੀ ਹਾਸਲ ਕਰ ਸਕਦੇ ਹਨ, ਜੋ ਏਲੀਟ ਸਕੂਲਾਂ ਦੇ ਵਿਦਿਆਰਥੀ ਹਾਸਲ ਕਰ ਸਕਦੇ ਹਨ। ਸਨਾ ਫਿਲਹਾਲ ਕਰਾਚੀ ਵਿੱਚ ਰਹਿੰਦੀ ਹੈ।

ਪਾਕਿਸਤਾਨ ਵਿੱਚ ਸੀ ਐਸ ਐਸ ਦਾ ਇਮਤਿਹਾਨ ਸਭ ਤੋਂ ਔਖਾਹੁੰਦਾ ਹੈ, ਜਿਸ ਵਿੱਚੋਂਐਡਮਨਿਸਟ੍ਰੇਸ਼ਨ ਸੇਵਾਵਾਂ ਵਿੱਚ ਨਿਯੁਕਤੀਆਂ ਹੁੰਦੀਆਂ ਹਨ। ਇਸ ਵਿੱਚ ਇਸ ਸਾਲ ਕੁੱਲ 2 ਫੀਸਦੀ ਪ੍ਰੀਖਿਆਰਥੀ ਕਾਮਯਾਬੀ ਹਾਸਲ ਕਰ ਸਕੇ। ਕਠਿਨ ਪ੍ਰੀਖਿਆ ਬਾਰੇ ਸਨਾ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦੇ ਹੋਏ ਕਿਹਾ, "ਉਹ ਖੁਦ ਉਤੇ ਭਰੋਸਾ ਰੱਖਣ ਅਤੇ ਇਹ ਸੋਚਣ ਕਿ ਉਹ ਕੋਈ ਵੀ ਇਮਤਿਹਾਨਪਾਸ ਕਰ ਸਕਦੇ ਹਨ।"

## ਜਿਰਗਾ ਮੀਟਿੰਗ ਦੌਰਾਨ ਝੜਪ ਵਿੱਚ 9 ਜਣੇ ਹਲਾਕ, ਛੇ ਜ਼ਖਮੀ

ਪਿਸ਼ਾਵਰ, 22 ਸਤੰਬਰ (ਪੋਸਟ ਬਿਊਰੋ)- ਉਤਰ ਪੱਛਮੀ ਪਾਕਿ-ਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਜਿਰਗਾ ਦੀ ਮੀਟਿੰਗ ਵਿੱਚ ਦੋ ਧਿਰਾਂ ਵਿੱਚ ਝੜਪ ਦੌਰਾਨ ਚੱਲੀ ਗੋਲੀ ਵਿੱਚ ਦੋ ਸਥਾਨਕ ਕੌਂਸਲਰਾਂ ਸਮੇਤ ਘੱਟੋ-ਘੱਟ ਨੌਂ ਜਣਿਆਂ ਦੀ ਮੌਤ ਹੋ ਗਈ ਤੇ ਛੇ ਹੋਰ ਜ਼ਖਮੀ ਹੋ ਗਏ ਦੱਸੇ ਜਾ ਰਹੇ ਹਨ।

ਜਿਰਗਾ ਮੀਟਿੰਗ ਅਸਲ ਵਿੱਚ ਪਿੰਡ ਦੇ ਵੱਡ-ਵਡੇਰਿਆਂ ਦਾ ਰਵਾਇਤੀ ਇਕੱਠ ਹੁੰਦਾ ਹੈ, ਜਿਸ ਵਿੱਚ ਆਮ ਕਰ ਕੇ ਪਸ਼ਤੂਨਵਲੀ ਦੀਆਂ ਸਿੱਖਿਆਵਾਂ ਦੇ ਆਧਾਰ ਉਤੇ ਕਿਸੇ ਵੀ ਵਿਵਾਦ ਦਾ ਹੱਲ ਕੱਢਿਆ ਜਾਂਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਉਪਰੋਕਤ ਜਿਰਗਾ ਮੀਟਿੰਗ ਸੋਮਵਾਰ ਸ਼ਾਮ ਅੱਪਰ ਦੀਰ ਜ਼ਿਲ੍ਹੇ ਦੇ ਵੀਰਾਵਲ ਬੰਦਾਗਈ ਪਿੰਡ ਵਿੱਚ ਸੱਦੀ ਗਈ ਸੀ। ਦੋਵਾਂ ਧਿਰਾਂ ਵਿੱਚ ਜ਼ਮੀਨ ਤੇ ਫੀਡਰ ਰੋਡ ਦੀ ਉਸਾਰੀ ਬਾਰੇ ਵਿਵਾਦ ਸੀ ਤੇ ਦੋਵਾਂ ਧਿਰਾਂ ਦੀ ਅਗਵਾਈ ਅਮੀਰ ਬਾਚਾ ਤੇ ਬਖਤ ਆਲਮ ਦੇ ਪਰਵਾਰਕ ਜੀਅ ਕਰ ਰਹੇ ਸਨ। ਇਸ ਦੌਰਾਨ ਦੋਵਾਂ ਧਿਰਾਂ ਵਿੱਚ ਚੱਲ ਰਹੀ ਗੱਲਬਾਤ ਤਲਖੀ ਵਿੱਚ ਬਦਲ ਗਈ। ਦੋਵਾਂ ਧਿਰਾਂ ਨੇ ਇੱਕ ਦੂਜੇ ਉਤੇ ਗੋਲੀਆਂ ਵੀ ਚਲਾਈਆਂ। ਅਧਿਕਾਰੀਆਂ ਮੁਤਾ-ਬਕ ਗੋਲੀਬਾਰੀ ਵਿੱਚ ਇੱਕ ਧਿਰ ਦੇ ਸੱਤ ਵਿਅਕਤੀ ਅਤੇ ਦੋ ਜਿਰਗਾ ਮੈਂਬਰ ਮਾਰੇ ਗਏ। ਛੇ ਜ਼ਖਮੀਆਂ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਇਸ ਘਟਨਾ ਮਗਰੋਂ ਮੁਲਜ਼ਮ ਫਰਾਰ ਹੋ ਗਏ।


Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈੱਡਰਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

Dr. Randhawa Dentistry
Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
DENTISTRY
Squire Ellis Dr
Gore Rd
Countryside Dr

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
KULWINDERCHHINA
BROKER
647.293.2327

## Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਥਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੇਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor (ਸਾਲ ਪਹਿਲਾ) ਦੀ ਪੜ੍ਹਾਈ ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859

Seeking a suitable match for their son, never married, 45 years, 6" tall, Fair, Ramdasia Gursikh, Amritdhari, Canadian citizen. Father class 1 retired officer and well settled family. Serious queries please respond on email sukhi_cancer@yahoo.com or Call 416-721-5191 (contact after 5 pm)

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।

ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017



Chapel Ridge
FUNERAL HOME
& CREMATION CENTRE

ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: ਹਰਜਿੰਦਰ ਸਿੰਘ ਬਿਲਖੂ
647-966-0093
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com





Other Realtors only Promise
But JAG AUJLA SOLD YOUR HOME WITH
GUARANTEE


Advertisement GUARANTEED Till SOLD

Top 1% Ranked Broker
Call For a Quick & Free Home Evaluation
www.BramptonQuickHomeEvaluation.com

JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁੱਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇਂ ਸੰਪਰਕ ਕਰ ਸਕਦੇ ਹੋ।

BRAMPTON



$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਉਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



$749,905

William /Vodden /Main

3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777